ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਬੁੱਧਵਾਰ, 3 ਅਪ੍ਰੈਲ 2024 (ਨਾਨਕਸ਼ਾਹੀ ਸੰਮਤ : ੫੫੬, ੨੧ ਚੇਤਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## 'ਅਸੀਂ ਬਿਨਾਂ ਸ਼ਰਤ ਮੁਆਫ਼ੀ ਮੰਗਦੇ ਹਾਂ...' : ਰਾਮਦੇਵ

**ਨਵੀਂ ਦਿੱਲੀ, 2 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸੁਪਰੀਮ ਕੋਰਟ ਨੇ ਗੁੰਮਰਾਹਕੁੰਨ ਇਸ਼ਿਤਹਾਰਬਾਜ਼ੀ ਮਾਮਲੇ ਵਿਚ ਪਾਲਣਾ ਦਾ ਸਹੀ ਹਲਫ਼ਨਾਮਾ ਦਾਇਰ ਨਾ ਕਰਨ ਅਤੇ "ਹਰ ਸੀਮਾ ਨੂੰ ਤੋੜ ਕੇ ਪੂਰੀ ਤਰ੍ਹਾਂ ਅਣਗਹਿਲੀ" ਕਰਨ ਲਈ ਯੋਗ ਗੁਰੂ ਰਾਮਦੇਵ ਅਤੇ ਪਤੰਜਲੀ ਆਯੁਰਵੇਦ ਦੇ



ਮੈਨੇਜਿੰਗ ਡਾਇਰੈਕਟਰ (ਐਮ.ਡੀ.) ਆਚਾਰੀਆ ਬਾਲਕ੍ਰਿਸ਼ਨ ਪ੍ਰਤੀ ਅੱਜ ਮੰਗਲਵਾਰ ਨੂੰ ਨਾਰਾਜ਼ਗੀ ਜ਼ਾਹਰ ਕੀਤੀ। ਅਦਾਲਤ ਨੇ ਪਤੰਜਲੀ ਦੇ ਮੈਨੇਜਿੰਗ ਡਾਇਰੈਕਟਰ ਦੇ ਬਿਆਨ ਨੂੰ ਵੀ ਰੱਦ ਕਰ ਦਿੱਤਾ ਕਿ ਡਰੱਗਜ਼ ਐਂਡ ਕਾਸਮੈਟਿਕਸ (ਜਾਦੂਈ ਉਪਚਾਰ) ਐਕਟ ਪੁਰਾਣਾ ਹੈ। ਜਸਟਿਸ ਹਿਮਾ ਕੋਹਲੀ ਅਤੇ ਅਹਿਸਾਨੁਦੀਨ ਅਮਾਨਉੱਲ੍ਹਾ ਦੇ ਬੈਂਚ ਨੇ ਮੰਗਲਵਾਰ ਨੂੰ ਕਿਹਾ, "ਸਿਰਫ ਸੁਪਰੀਮ ਕੋਰਟ ਹੀ ਨਹੀਂ, ਇਸ ਦੇਸ਼ ਦੀਆਂ ਸਾਰੀਆਂ ਅਦਾਲਤਾਂ ਦੁਆਰਾ ਪਾਸ ਕੀਤੇ ਗਏ ਹਰ ਆਦੇਸ਼ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ... ਇਹ ਪੂਰੀ ਤਰ੍ਹਾਂ ਅਣਗਹਿਲੀ ਹੈ।" ਬੈਂਚ ਨੇ ਅਦਾਲਤ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਏ ਰਾਮਦੇਵ ਅਤੇ ਬਾਲਕ੍ਰਿਸ਼ਨ ਨੂੰ ਕਿਹਾ ਕਿ ਅਦਾਲਤ ਵਿੱਚ ਦਿੱਤੇ ਬਚਨ ਦੀ ਪਾਲਣਾ ਕਰਨੀ ਹੈ, ਤੂੰ ਹਰ ਹੱਦ ਤੋੜੀ ਹੈ। ਅਦਾਲਤ ਨੇ ਹੈਰਾਨੀ ਜ਼ਾਹਰ ਕੀਤੀ ਕਿ ਜਦੋਂ ਪਤੰਜਲੀ ਕੰਪਨੀ ਉੱਚੀ-ਉੱਚੀ ਕਹਿ ਰਹੀ ਸੀ ਕਿ ਐਲੋਪੈਥੀ ਵਿੱਚ ਕੋਵਿਡ ਦਾ ਕੋਈ ਇਲਾਜ ਨਹੀਂ ਹੈ, ਤਾਂ ਕੇਂਦਰ ਨੇ ਅੱਖਾਂ ਬੰਦ ਕਿਉਂ ਰੱਖੀਆਂ ਹਨ ?"

## ਸੁਪਰੀਮ ਕੋਰਟ ਤੋਂ 'ਆਪ' ਸੰਸਦ ਮੈਂਬਰ

# ਸੰਜੇ ਸਿੰਘ ਨੂੰ ਮਿਲੀ ਜ਼ਮਾਨਤ

**ਨਵੀਂ ਦਿੱਲੀ, 2 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਸੰਬੰਧੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਨੇਤਾ ਸੰਜੇ ਸਿੰਘ ਨੂੰ ਮੰਗਲਵਾਰ ਨੂੰ ਜ਼ਮਾਨਤ ਦੇ ਦਿੱਤੀ। ਸੁਪਰੀਮ ਕੋਰਟ 'ਚ ਤਿੰਨ ਜੱਜਾਂ ਸੰਜੀਵ ਖੰਨਾ, ਜੱਜ ਦੀਪਾਂਕਰ ਦੱਤਾ ਅਤੇ ਜੱਜ ਪੀ.ਬੀ. ਵਰਾਲੇ ਦੀ ਬੈਂਚ ਨੇ 6 ਮਹੀਨਿਆਂ ਤੋਂ ਜੇਲ੍ਹ 'ਚ ਬੰਦ ਸੰਜੇ ਸਿੰਘ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ।



ਬੈਂਚ ਨੇ ਈ.ਡੀ. ਤੋਂ ਪੁੱਛਿਆ ਸੀ ਕਿ ਆਖ਼ਰ ਸੰਜੇ ਸਿੰਘ ਨੂੰ ਅਜੇ ਵੀ ਜੇਲ੍ਹ 'ਚ ਰੱਖਣ ਦੀ ਲੋੜ ਕਿਉਂ ਹੈ ? ਕੋਰਟ ਨੂੰ ਸੰਜੇ ਸਿੰਘ ਦੇ ਵਕੀਲ ਨੇ ਦੱਸਿਆ ਸੀ ਕਿ ਮਨੀ ਲਾਂਡਰਿੰਗ ਦੀ ਪੁਸ਼ਟੀ ਨਹੀਂ ਹੋਈ ਹੈ ਅਤੇ ਮਨੀ ਟਰੇਲ ਦਾ ਵੀ ਪਤਾ ਨਹੀਂ ਲੱਗ ਹੈ। ਇਸ ਦੇ ਬਾਵਜੂਦ ਸੰਜੇ ਸਿੰਘ 6 ਮਹੀਨੇ ਤੋਂ ਜੇਲ੍ਹ 'ਚ ਹਨ। ਸੁਪਰੀਮ ਕੋਰਟ ਮਨੀ ਲਾਂਡਰਿੰਗ ਮਾਮਲੇ 'ਚ ਆਪਣੀ ਗ੍ਰਿਫ਼ਤਾਰੀ ਅਤੇ ਰਿਮਾਂਡ ਨੂੰ ਚੁਣੌਤੀ ਦੇਣ ਵਾਲੀ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਸੁਪਰੀਮ ਕੋਰਟ ਬੈਂਚ ਨੇ 'ਆਪ' ਸੰਸਦ ਮੈਂਬਰ ਦੇ ਵਕੀਲ ਦੀ ਦਲੀਲ 'ਤੇ ਮੰਨਿਆ ਕਿ ਸੰਜੇ ਸਿੰਘ ਦੇ ਕਬਜ਼ੇ ਤੋਂ ਕੋਈ ਪੈਸਾ ਬਰਾਮਦ ਨਹੀਂ ਹੋਇਆ ਅਤੇ ਉਨ੍ਹਾਂ 'ਤੇ 2 ਕਰੋੜ ਰੁਪਏ ਰਿਸ਼ਵਤ ਲੈਣ ਦੇ ਦੋਸ਼ਾਂ ਦੀ ਜਾਂਚ ਕੀਤੀ ਜਾ ਸਕਦੀ ਹੈ। ਸੰਜੇ ਸਿੰਘ ਨੂੰ ਈ.ਡੀ. ਨੇ ਪਿਛਲੇ ਸਾਲ 4 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ। ਹਾਈ ਕੋਰਟ 'ਚ ਈ.ਡੀ. ਨੇ 'ਆਪ' ਸੰਸਦ ਮੈਂਬਰ ਦੀ ਜ਼ਮਾਨਤ ਪਟੀਸ਼ਨ 'ਤੇ ਵਿਰੋਧ ਕੀਤਾ ਸੀ। ਸੰਜੇ ਸਿੰਘ ਨੇ ਇਸ ਆਧਾਰ 'ਤੇ ਜ਼ਮਾਨਤ ਮੰਗੀ ਸੀ ਕਿ ਉਹ ਤਿੰਨ ਮਹੀਨੇ ਤੋਂ ਵੱਧ ਸਮੇਂ ਤੋਂ ਹਿਰਾਸਤ 'ਚ ਹਨ ਅਤੇ ਇਸ ਅਪਰਾਧ 'ਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਦੱਸੀ ਗਈ ਹੈ। ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਸੰਬੰਧੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਨੇਤਾ ਸੰਜੇ ਸਿੰਘ ਨੂੰ ਮੰਗਲਵਾਰ ਨੂੰ ਜ਼ਮਾਨਤ ਦੇ ਦਿੱਤੀ ਹੈ। ਇਸ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਟਵੀਟ ਕਰ ਕੇ ਕਿਹਾ ਹੈ ਕਿ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੱਚ ਦੱਬਿਆ ਤਾਂ ਜਾ ਸਕਦਾ ਹੈ ਪਰ ਕਦੇ ਮਰਦਾ ਨਹੀਂ।

## ਬਠਿੰਡਾ 'ਚ ਭਾਜਪਾ ਆਗੂਆਂ ਦੇ ਦਾਖ਼ਲੇ 'ਤੇ ਪਾਬੰਦੀ, ਪੋਸਟਰ 'ਚ ਲਿਖਿਆ- 'ਕਿਸਾਨ ਦਾ ਦਿੱਲੀ ਜਾਣਾ ਬੰਦ, ਭਾਜਪਾ ਦਾ...'

**ਬਠਿੰਡਾ, 2 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਵੱਲੋਂ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦੇ ਐਲਾਨ ਤੋਂ ਬਾਅਦ ਬਠਿੰਡਾ ਜ਼ਿਲ੍ਹੇ ਦੇ ਪਿੰਡ ਭੁੱਚੋ ਖ਼ੁਰਦ ਵਿੱਚ ਭਗਵਾ ਜਥੇਬੰਦੀ ਦੇ ਆਗੂਆਂ ਦੇ ਦਾਖ਼ਲੇ 'ਤੇ ਪਾਬੰਦੀ ਵਾਲੇ ਪੋਸਟਰ ਸਾਹਮਣੇ ਆਏ ਹਨ। ਬੀ. ਕੇ. ਯੂ. (ਡਕੌਂਦਾ-ਧਨੇਰ) ਦੁਆਰਾ ਲਗਾਏ ਗਏ ਪੋਸਟਰਾਂ ਵਿੱਚ ਲਿਖਿਆ ਹੈ ਕਿ 'ਕਿਸਾਨ ਦਾ ਦਿੱਲੀ ਜਾਣਾ ਬੰਦ ਹੈ, ਭਾਜਪਾ ਦਾ ਪਿੰਡਾਂ ਵਿੱਚ ਆਉਣਾ ਬੰਦ ਹੈ।' ਬੀ. ਕੇ. ਯੂ. (ਡਕੌਂਦਾ-ਧਨੇਰ) ਦੀ ਭੁੱਚੋ ਖ਼ੁਰਦ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ ਸੰਧੂ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਨਾ ਮੰਨੇ ਜਾਣ 'ਤੇ ਉਨ੍ਹਾਂ ਨੇ ਸਾਂਝਾ ਕਿਸਾਨ ਮੋਰਚਾ (ਐੱਸ. ਐੱਮ. ਕੇ.) ਦੇ ਸੱਦੇ 'ਤੇ ਭਾਜਪਾ ਖ਼ਿਲਾਫ਼ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ ਹੈ। ਸੰਧੂ ਨੇ ਕਿਹਾ ਕਿ ਜਦੋਂ ਭਾਜਪਾ ਨੇਤਾ




ਚੋਣ ਪ੍ਰਚਾਰ ਲਈ ਆਉਂਦੇ ਹਨ, ਅਸੀਂ ਉਨ੍ਹਾਂ ਤੋਂ ਕਿਸਾਨਾਂ ਨਾਲ ਕੀਤੇ ਵਾਅਦਿਆਂ ਬਾਰੇ ਪੁੱਛਾਂਗੇ। ਮੰਗਾਂ ਮੰਨਣ ਦੀ ਬਜਾਏ ਪੁਲਸ ਨੇ ਕਿਸਾਨਾਂ ਨੂੰ ਦਿੱਲੀ ਵੱਲ ਵਧਣ ਤੋਂ ਜ਼ਬਰਦਸਤੀ ਰੋਕ ਦਿੱਤਾ ਅਤੇ ਸੜਕਾਂ 'ਤੇ ਬੈਰੀਕੇਡ ਲਗਾ ਦਿੱਤੇ ਹਨ। ਹੁਣ ਕਿਸਾਨ ਜਥੇਬੰਦੀਆਂ ਨੇ ਭਾਜਪਾ ਆਗੂਆਂ ਦੇ ਪਿੰਡਾਂ 'ਚ ਆਉਣ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ। 24 ਮਾਰਚ ਨੂੰ ਕਿਸਾਨਾਂ ਨੇ ਬਠਿੰਡਾ ਵਿੱਚ ਭਾਜਪਾ ਦੇ "ਬੂਥ ਮਹੋਤਸਵ" ਸਥਾਨ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਸੀ, ਜਿਸ ਕਾਰਨ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦਾ ਦੌਰਾ "ਰੱਦ" ਹੋ ਗਿਆ ਸੀ। ਅਗਲੇ ਕੁਝ ਹਫ਼ਤਿਆਂ 'ਚ ਜਿਵੇਂ-ਜਿਵੇਂ ਚੋਣ ਮੁਹਿੰਮ ਤੇਜ਼ ਹੋਵੇਗੀ, ਖੇਤਰ ਵਿੱਚ ਕਿਸਾਨਾਂ ਦਾ ਵਿਰੋਧ ਵੀ ਤੇਜ਼ ਹੋਵੇਗਾ।

## ਸਿੱਖ ਹਲਕਿਆਂ ਨੂੰ ਦੁੱਖ ਦੇਣ ਵਾਲੀ ਖਬਰ ਬੰਦੀ ਸਿੰਘ ਭਾਈ ਗੁਰਮੀਤ ਸਿੰਘ ਇੰਜਨੀਅਰ ਨੂੰ ਮੁੜ ਜੇਲ੍ਹ ਭੇਜਿਆ

**ਚੰਡੀਗੜ੍ਹ, 2 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਬੇਅੰਤ ਸਿੰਹੁ ਦੇ ਕਤਲ ਕੇਸ ਵਿੱਚ 28 ਸਾਲ ਬੁੜੈਲ ਜੇਲ ਵਿੱਚ ਬੰਦ ਰਹਿਣ ਤੋਂ ਬਾਦ ਜੂਨ 2023 ਨੂੰ ਪੱਕੀ ਜਮਾਨਤ 'ਤੇ ਬਾਸ਼ਰਤ ਰਿਹਾ ਕੀਤੇ ਗਏ ਬੰਦੀ ਸਿੰਘ ਭਾਈ ਗੁਰਮੀਤ ਸਿੰਘ ਇੰਜਨੀਅਰ ਨੂੰ 28 ਮਾਰਚ ਨੂੰ ਫਿਰ ਜੇਲ ਵਿੱਚ ਭੇਜ ਦਿੱਤਾ ਗਿਆ ਹੈ।ਇਹ ਖਬਰ ਮੈਨੂੰ ਭਾਈ ਗੁਰਮੀਤ ਸਿੰਘ ਇੰਜਨੀਅਰ ਦੇ ਸਤਿਕਾਰਯੋਗ ਮਾਤਾ ਜੀ ਨੇ ਅੱਜ ਫੋਨ ਕਰਕੇ ਦਿੱਤੀ। ਪੰਥ ਬਾਕੀ ਬੰਦੀ ਸਿੰਘਾਂ ਦੀ ਰਿਹਾਈ ਲਈ ਜਦੋਜਹਿਦ ਕਰ ਰਿਹਾ ਹੈ ਤੇ ਕੇਂਦਰ ਤੇ ਭਗਵੰਤ ਮਾਨ ਸਰਕਾਰ ਪਹਿਲਾਂ ਰਿਹਾ ਹੋਏ ਬੰਦੀ ਸਿੰਘਾਂ ਨੂੰ ਮੁੜ ਜੇਲ ਭੇਜ ਰਿਹਾ ਹੈ। ਪਤਾ ਲੱਗਾ



ਹੈ ਕਿ ਰਵਨੀਤ ਬਿੱਟੂ ਵਲੋਂ ਇਸ ਸੰਬੰਧੀ ਅਮਿਤ ਸ਼ਾਹ ਕੋਲ ਮੰਗ ਰੱਖੀ ਗਈ ਅਮਿਤ ਸ਼ਾਹ ਦੀਆਂ ਜਬਾਨੀ ਹਦਾਇਤਾਂ 'ਤੇ ਚੰਡੀਗੜ ਪ੍ਰਸਾਸ਼ਨ ਤੇ ਭਗਵੰਤ ਮਾਨ ਸਰਕਾਰ ਵੱਲੋਂ ਭਾਈ ਗੁਰਮੀਤ ਸਿੰਘ ਇੰਜਨੀਅਰ ਦੀ ਕੰਡਕਟ ਰਿਪੋਰਟ ਵਿਰੋਧ ਵਿੱਚ ਲਿਖਕੇ ਸੰਬੰਧਿਤ ਕੋਰਟ ਵਿੱਚ ਦਿੱਤੀ ਗਈ ਤੇ ਕੋਰਟ ਨੇ ਭਾਈ ਸਾਹਿਬ ਨੂੰ ਤੁਰੰਤ ਸਰੰਡਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਤੁਰੰਤ ਸਰੰਡਰ ਨਾਂ ਕਰਨ ਦੀ ਸੂਰਤ ਵਿੱਚ ਭਾਈ ਸਾਹਿਬ ਦੇ ਜਮਾਨਤੀਏ ਉਨਾਂ ਦੇ ਸਤਿਕਾਰਯੋਗ ਮਾਤਾ ਜੀ ਅਤੇ ਇੱਕ ਹੋਰ ਸਿੰਘ ਦੇ ਨਾਲ ਹੀ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ ਗਏ। ਸ਼੍ਰੋਮਣੀ ਅਕਾਲੀ ਦਲ ਕੇਂਦਰ ਤੇ ਭਗਵੰਤ ਮਾਨ ਸਰਕਾਰ ਦੀ ਇਸ ਸਿੱਖ ਵਿਰੋਧੀ ਕਾਰਵਾਈ ਦੀ ਕਰੜੀ ਨਿੰਦਾ ਕਰਦਾ ਹੈ ਸ਼੍ਰੋਮਣੀ ਅਕਾਲੀ ਦਲ ਲਈ ਜਿੱਥੇ ਪੰਜਾਬ ਤੇ ਪੰਥ ਦੇ ਬਾਕੀ ਹੋਰ ਮਸਲੇ ਅਹਿਮੀਅਤ ਰੱਖਦੇ ਹਨ ਓਥੇ ਸਭ ਤੋਂ ਅਹਿਮ ਮਸਲਾ ਬੰਦੀ ਸਿੰਘਾਂ ਦੀ ਰਿਹਾਈ ਦਾ ਹੈ।

-ਵਿਰਸਾ ਸਿੰਘ ਵਲਟੋਹਾ

ਆਵਾਜ਼ਿ ਕੌਮ
AWAZE QAUM
International Newspaper & WEB TV

ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਅਕਾਲੀ ਦਲ ਵਲੋਂ ਸੁਰਜੀਤ ਸਿੰਘ ਰੱਖੜਾ ਨਹੀਂ ਲੜਨਗੇ ਚੋਣ, ਭਾਜਪਾ 'ਚ ਜਾਣ ਬਾਰੇ ਦਿੱਤਾ ਵੱਡਾ ਬਿਆਨ

**ਚੰਡੀਗੜ੍ਹ, 2 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਲੋਕ ਸਭਾ ਚੋਣ ਲੜਨ ਨੂੰ ਲੈ ਕੇ ਵੱਡਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਅਕਾਲੀ ਦਲ ਵਲੋਂ ਲੋਕ ਸਭਾ ਚੋਣ ਨਹੀਂ ਲੜਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਚੋਣ ਖ਼ੁਦ ਲੜਨ ਨਾਲ ਗੱਡੀ ਨਹੀਂ ਚੱਲਦੀ ਅਤੇ ਵਿਅਕਤੀ ਨੂੰ ਇਕ ਸਮੇਂ 'ਤੇ ਆ ਕੇ ਖ਼ੁਦ ਹੀ ਪਿੱਛੇ ਹਟ ਜਾਣਾ ਚਾਹੀਦਾ ਹੈ। ਤੁਹਾਨੂੰ ਦੱਸ ਦੇਈਏ ਕਿ ਅਕਾਲੀ ਦਲ ਵਲੋਂ ਸੁਰਜੀਤ ਸਿੰਘ ਰੱਖੜਾ ਨੂੰ ਪਟਿਆਲਾ



ਲੋਕ ਸਭਾ ਸੀਟ ਤੋਂ ਚੋਣ ਮੈਦਾਨ 'ਚ ਉਤਾਰਨ ਦੀਆਂ ਚਰਚਾਵਾਂ ਚੱਲ ਰਹੀਆਂ ਸਨ। ਇਸ ਸੀਟ 'ਤੇ ਆਮ ਆਦਮੀ ਪਾਰਟੀ ਵਲੋਂ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਭਾਜਪਾ ਵਲੋਂ ਪਰਨੀਤ ਕੌਰ ਚੋਣ ਮੈਦਾਨ 'ਚ ਹਨ, ਜਦੋਂ ਕਿ ਕਾਂਗਰਸ ਵਲੋਂ ਡਾ. ਧਰਮਵੀਰ ਗਾਂਧੀ ਨੂੰ ਇਸ ਸੀਟ ਤੋਂ ਚੋਣ ਮੈਦਾਨ 'ਚ ਉਤਾਰਨ ਦੀਆਂ ਚਰਚਾਵਾਂ ਹਨ। ਅਜਿਹੇ 'ਚ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਕਾਲੀ ਦਲ ਦਾ ਜਿਹੜਾ ਵੀ ਆਗੂ ਇਸ ਸੀਟ ਤੋਂ ਚੋਣ ਲੜੇਗਾ, ਉਹ ਬਾਕੀ ਪਾਰਟੀਆਂ ਦੇ ਆਗੂਆਂ ਨਾਲੋਂ ਬੇਹੱਦ ਮਜ਼ਬੂਤ ਹੋਵੇਗਾ। ਉਨ੍ਹਾਂ ਨੇ ਅਕਾਲੀ ਦਲ ਦੇ ਉਮੀਦਵਾਰ ਦੇ 100 ਫ਼ੀਸਦੀ ਜਿੱਤਣ ਦਾ ਦਾਅਵਾ ਕੀਤਾ। ਭਾਜਪਾ 'ਚ ਜਾਣ ਦੇ ਸਵਾਲ 'ਤੇ ਬੋਲਦਿਆਂ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਜਦੋਂ ਤੋਂ ਮੈਂ ਜੰਮਿਆ ਹਾਂ, ਅਕਾਲੀ ਦਲ ਹੀ ਹਾਂ ਅਤੇ ਅਕਾਲੀ ਦਲ 'ਚ ਹੀ ਰਹਾਂਗਾ।

**ਭਾਜਪਾ ਵਿਚ ਜਾਣ ਦੀਆਂ ਚਰਚਾਵਾਂ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਵੱਲੋਂ ਰੱਦ** : ਭਾਜਪਾ ਵਿਚ ਜਾਣ ਦੀਆਂ ਚਰਚਾਵਾਂ ਨੂੰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਨੇ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਉਹ ਅਕਾਲੀ ਦਲ ਦੇ ਸਿਪਾਹੀ ਹਨ ਅਤੇ ਹਮੇਸ਼ਾ ਅਕਾਲੀ ਹੀ ਰਹਿਣਗੇ। ਜਗ ਬਾਣੀ ਨਾਲ ਗੱਲਬਾਤ ਕਰਦੇ ਹੋਏ ਅਕਾਲੀ ਲੀਡਰ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਨਾ ਤਾਂ ਮੇਰੇ ਨਾਲ ਕਿਸੇ ਨੇ ਸੰਪਰਕ ਕੀਤਾ ਹੈ ਅਤੇ ਨਾ ਹੀ ਉਹ ਭਾਜਪਾ ਵਿਚ ਜਾ ਰਹੇ ਹਨ। ਇਸ ਦੇ ਨਾਲ ਹੀ ਲੋਕ ਸਭਾ ਚੋਣ ਲੜਨ ਨੂੰ ਲੈ ਕੇ ਪੁੱਛੇ ਗਏ ਸਵਾਲ 'ਤੇ ਉਨ੍ਹਾਂ ਕਿਹਾ ਕਿ ਉਹ ਪਾਰਲੀਮੈਂਟ ਚੋਣ ਨਹੀਂ ਲੜਨਗੇ ਅਤੇ ਨਾ ਹੀ ਉਨ੍ਹਾਂ ਨੇ ਇਸ ਬਾਰੇ ਸੋਚਿਆ ਹੈ।



# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

### ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਸੇਵਾਦਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਬਣੇ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਜੋ ਇਹ ਸਾਨੂੰ ਲੱਭ ਗਈ ਹੈ ਅਤੇ ਹੁਣ ਖਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ 'ਤੇ ਇਹ ਜਗ੍ਹਾ ਹੈ ਜਿਸ ਵਿਚ ਕਾਰ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜਗ੍ਹਾ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਖਾਏ ਉਸਤਾਦ ਭਵਿੱਖ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਧਾਰਨ ਕਰ ਸਕਣ। ਇਸ ਤੋਂ ਇਲਾਵਾ ਇੱਕ ਵਿੱਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿਚ ਮਦਦ ਲਈ ਖਾਸ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਮਾਜਕ ਭਾਈਚਾਰੇ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆਂ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆਂ ਕਿਰਤ ਕਮਾਈਆਂ ਵਿੱਚੋਂ ਦਸਵੰਧ ਕੱਢ ਕੇ ਹਿੱਸਾ ਪਾ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗ੍ਹਾ ਖਰੀਦ ਸਕੀਏ। ਇਹ ਜਗ੍ਹਾ £650,000 ਦੀ ਹੈ ਆਪਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ। ਇੱਕ ਵਾਰ ਸੇਵਾ ਦੇਣੀ ਜਾਂ ਪੂਰੀ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨ ਜਿਵੇਂ ਆਪਜੀ ਨੂੰ ਚੰਗਾ ਲੱਗੇ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲ ਕਰੋ ਜੀ।


**ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਉਂਟ ਵਿੱਚ ਭੇਜ ਸਕਦੇ ਹੋ ਜੀ:**

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੈਂਸ ਵੱਲੋਂ ਜ਼ਰੂਰ ਲਿਖੋ ਜੀ। ਧੰਨਵਾਦ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਜ਼ਮੀਨ ਦੀ ਹੱਦਬੰਦੀ (Scale 1: 1250)



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ

Stay Connected:
email: info@damdamitaksal.co.uk

DamdamiTaksalUKJathaBhindran


## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--
07877017219,
07400830403
07856786642

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

# ਜਾਗਦੀ ਜਮੀਰਾਂ ਆਲਿਓ ਆਓ 2024 ਦੀਆਂ ਚੌਣਾਂ ਵਿੱਚ ਕਾਂਗਰਸ ਮੁਕਤ ਭਾਰਤ ਦਾ ਸੰਕਲਪ ਕਰੀਏ : ਭਾਈ ਭਿਓਰਾ



**ਭਾਈ ਭਿਓਰੇ** ਨੇ ਆਪਣੇ ਗ੍ਰਹਿ ਵਿਖੇ ਸਾਥੀ ਸਿੰਘਾਂ ਨਾਲ ਮੀਟਿੰਗ ਦੌਰਾਨ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਕਾਂਗਰਸ ਨੇ ਹਮੇਸ਼ਾ ਸਿੱਖਾਂ ਨਾਲ ਧੱਕਾ ਕੀਤਾ ਹੈ।ਅੰਤਰਰਾਸ਼ਟਰੀ ਪੱਧਰ ਤੱਕ ਸਿੱਖਾਂ ਦੀ ਕਾਤਲ ਜਮਾਤ ਕਾਂਗਰਸ ਨੇ ਸਾਨੂੰ ਬਦਨਾਮ ਕੀਤਾ। ਦੇਸ਼ ਭਗਤ ਸਿੱਖਾਂ ਤੇ ਅਤਵਾਦੀ ਹੋਣ ਦਾ ਟੈਗ ਇਸ ਕਾਂਗਰਸ ਨੇ ਹੀ ਸਾਢੇ ਉਪਰ ਲਗਾਇਆ ਸੀ। ਭਾਰਤ ਦੇਸ਼ ਦੇ ਆਜ਼ਾਦ ਹੁੰਦਿਆਂ ਹੀ ਸਿੱਖਾਂ ਨੂੰ ਬਣਦਾ ਮਾਨ ਸਨਮਾਨ ਦੇਣ ਦੇ ਵਾਇਦੇ ਤੋਂ ਜਵਾਹਰਲਾਲ ਨਹਿਰੂ ਮੁਕਰ ਗਿਆ ਸੀ।

## ਵਿਚਾਰ ਆਪੋ-ਆਪਣਾ

ਇਥੋਂ ਤੱਕ ਕਿ ਇਸ ਕਾਂਗਰਸੀ ਲੀਡਰ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਨਾਲ ਨਿਵਾਜ਼ ਕੇ ਸਾਨੂੰ ਜ਼ਲੀਲ ਕੀਤਾ।ਆਜਾਦੀ ਤੋਂ ਬਾਅਦ ਸਿੱਖਾਂ ਨੂੰ ਜੋ ਪੰਜਾਬੀ ਸੂਬਾ ਮਿਲਿਆ ਸੀ ਇਸ ਕਾਂਗਰਸ ਨੇ ਉਸ ਦੇ ਵੀ ਟੁੱਕੜੇ ਕਰ ਦਿੱਤੇ। ਇਸ ਕਾਂਗਰਸ ਦੀ ਲੀਡਰ ਇੰਦਰਾਂ ਗਾਂਧੀ ਨੇ ਜੂਨ 1984 ਵਾਲੇ ਦਿਨ ਸਾਢੇ ਪਵਿਤਰ ਅਸਥਾਨ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸਾਡੀ ਹੀ ਭਾਰਤੀਏ ਫੌਜ ਨੂੰ ਵਰਗਲਾ ਕੇ ਟੈਂਕਾਂ ਤੋਪਾਂ ਨਾਲ ਹਮਲਾ ਕਰਵਾ ਦਿੱਤਾ ਉਸ ਦਿਨ ਪੰਜਾਬ ਦੇ ਹੋਰ 37 ਗੁਰੂ ਘਰਾਂ ਤੇ ਵੀ ਫ਼ੌਜ ਦੀ ਚੜਾਈ ਕਰਵਾ ਦਿੱਤੀ।ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਕਾਂਗਰਸ ਨੇ ਹਮਲਾ ਕਰਵਾ ਕੇ ਸਾਡੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਟੈਂਕਾਂ ਤੋਪਾਂ ਨਾਲ ਢਹਿ ਢੇਰੀ ਕਰਵਾ ਦਿੱਤਾ ਅਤੇ ਹਜ਼ਾਰਾਂ ਬੱਚੇ ਬੁਜ਼ੁਰਗਾਂ ਬੀਬੀਆਂ ਨੌਜਵਾਨਾਂ ਨੂੰ ਮਾਰ ਦਿੱਤਾ।

ਭਾਈ ਭਿਓਰੇ ਨੇ ਕਿਹਾ ਅਕਤੂਬਰ 1984 ਨੂੰ ਸਿੱਖਾਂ ਨੇ ਆਪਣੇ ਗੁਰੂ ਘਰਾਂ ਨੂੰ ਢਾਹੁਣ ਵਾਲੀ ਕਾਂਗਰਸੀ ਲੀਡਰ ਇੰਦਰਾਂ ਗਾਂਧੀ ਨੂੰ ਗੱਡੀ ਚਾੜ੍ਹ ਦਿੱਤਾ ਤੇ ਇਸ ਦੇ ਲੜਕੇ ਰਾਜੀਵ ਗਾਂਧੀ ਨੇ ਸਰਕਾਰੀ ਸ਼ਿਹ ਤੇ ਸਿੱਖਾਂ ਦਾ ਕਤਲੇਆਮ ਕਰਵਾਇਆ। ਹਜ਼ਾਰਾਂ ਸਿੱਖਾਂ ਨੂੰ ਗਲੇ ਵਿੱਚ ਬਲ਼ਦੇ ਟਾਇਰ ਪਾ ਕੇ ਸਾੜ ਦਿੱਤਾ ਗਿਆ। ਸਾਢੇ ਗੁਰੂ ਘਰਾਂ ਅਤੇ ਘਰਾਂ ਨੂੰ ਅੱਗਾਂ ਲਾ ਦਿਤੀਆਂ। ਸਿੱਖ ਨੌਜਵਾਨ ਕੁੜੀਆਂ ਨਾਲ ਸ਼ਰੇਆਮ ਬਲਾਤਕਾਰ ਕੀਤੇ ਗਏ।ਅੱਗੋਂ ਇਸ ਰਾਜੀਵ ਗਾਂਧੀ ਨੇ ਸਿੱਖਾਂ ਦੇ ਕਤਲੇਆਮ ਕਰਵਾਉਣ ਤੋਂ ਬਾਅਦ ਕਿਹਾ ਕਿ (ਜਬ ਕੋਈ ਬੜਾ ਪੇੜ ਗਿਰਤਾ ਹੈ ਧਰਤੀ ਤੋਂ ਹਿਲਤੀ ਹੈ)

ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਭਿਓਰੇ ਨੇ ਕਿਹਾ ਕਿ ਇਸ ਕਾਂਗਰਸ ਨੇ ਡੇੜ ਲੱਖ ਤੋਂ ਜ਼ਿਆਦਾ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਰਵਾ ਦਿੱਤਾ। ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿੱਚ ਡੱਕ ਦਿੱਤਾ। ਦੁਨਿਆਂ ਭਰ ਚ ਸਿੱਖਾਂ ਨੂੰ ਬਦਨਾਮ ਕਰਨ ਲਈ ਕਾਂਗਰਸ ਨੇ ਆਪਣੇ ਪਾਲੇ ਹੋਏ ਗੁੰਡਿਆਂ ਤੋਂ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਬੱਸਾਂ ਚੋਂ ਉਤਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਮੀਡੀਆ ਰਾਹੀਂ ਨਾਂ ਸਿੱਖ ਨੌਜਵਾਨਾਂ ਤੇ ਲਾ ਕੇ ਹਿੰਦੂ ਸਿੱਖਾਂ ਦੀ ਭਾਈਚਾਰਕ ਸਾਂਝ ਵਿੱਚ ਜੋ ਤਰੇੜਾਂ ਪਾਈਆਂ ਸੀ ਅੱਜ ਵੀ ਵੇਖਣ ਨੂੰ ਮਿਲਦੀਆਂ ਹਨ। ਸੱਚ ਤਾਂ ਇਹ ਹੈ ਕਿ ਇਹ ਕਾਂਗਰਸੀ ਲੀਡਰ ਸ਼ੁਰੂ ਤੋਂ ਹੀ ਸਿੱਖਾਂ ਨਾਲ ਵੈਰ ਵਿਰੋਧ ਰਖਦੇ ਆਏ ਹਨ। ਮਹਾਤਮਾ ਗਾਂਧੀ ਨੇ ਸਾਢੇ ਗੁਰੂ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਭੁਲੱੜ ਸਿੱਖ ਕਹਿ ਕੇ ਅਪਮਾਨ ਕੀਤਾ ਸੀ ਇਸੇ ਕਰਕੇ ਭਾਰਤੀ ਵਾਯੂ ਸੈਨਾ ਦੇ ਇੱਕ ਸਿੱਖ ਅਫ਼ਸਰ ਸ੍ਰ ਜਗਤ ਸਿੰਘ ਨੇ ਗਾਂਧੀ ਦੇ ਮੂਹ ਤੇ ਚਪੇੜ ਮਾਰੀ ਸੀ। ਸਾਡੀ ਸਿੱਖ ਨੌਜਵਾਨ ਪੀੜ੍ਹੀ ਨੂੰ ਇਹਨਾਂ ਗੱਲਾਂ ਦਾ ਪਤਾ ਹੋਣਾਂ ਚਾਹੀਦਾ ਹੈ ਕਿ ਮਹਾਤਮਾ ਗਾਂਧੀ, ਜਵਾਹਰਲਾਲ ਨਹਿਰੂ, ਇੰਦਰਾਂ ਗਾਂਧੀ ਅਤੇ ਰਾਜੀਵ ਗਾਂਧੀ ਨੇ ਦੇਸ਼ ਲਈ 85% ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨਾਲ ਹਮੇਸ਼ਾ ਮਤਰੇਆਂ ਵਾਲਾ ਸਲੂਕ ਕੀਤਾ ਸੀ। ਰਾਜੀਵ ਗਾਂਧੀ ਨੇ ਅਕਤੂਬਰ 1984 ਨੂੰ ਸਿੱਖਾਂ ਦਾ ਕਤਲੇਆਮ ਕਰਕੇ ਜਿਨ੍ਹਾਂ ਸਿੱਖ ਬੀਬੀਆਂ ਨੂੰ ਵਿਧਵਾ ਕੀਤਾ ਸੀ ਓਹਨਾਂ ਪਰਿਵਾਰਾਂ ਦੀ ਸੋਨਿਆਂ ਗਾਂਧੀ, ਰਾਹੁਲ ਗਾਂਧੀ ਜਾਂ ਪ੍ਰਿਯੰਕਾ ਗਾਂਧੀ ਨੇ ਅੱਜ ਤੱਕ ਸਾਰ ਨਹੀਂ ਲਈ ਲੇਕਿਨ ਲਖੀਮਪੁਰ ਖੇੜੀ ਵਿੱਚ ਸਿੱਖਾਂ ਦੇ ਘਰ ਮਗਰਮੱਛੀ ਹੰਝੂ ਵਹਾਉਣ ਪਹੁੰਚ ਗਏ ਸੀ।

ਭਾਈ ਭਿਓਰੇ ਨੇ ਕਿਹਾ ਕਿ ਅਸੀਂ ਜਾਗਦੀ ਜ਼ਮੀਰ ਦੀ ਗੱਲ ਇਸੇ ਕਰਕੇ ਕੀਤੀ ਹੈ ਜਿਹੜਾ ਵੀ ਸਿੱਖ ਆਪਣੇ ਬੱਚਿਆਂ ਆਪਣੇ ਗੁਰੂ ਘਰ ਇਜ਼ਤ ਮਾਣ ਨਾਲ ਜਾਣਾ ਚਾਹੁੰਦਾਂ ਹੈ ਤਾਂ 2024 ਦੀਆਂ ਚੌਣਾਂ ਵਿੱਚ ਕਿਸੇ ਵੀ ਕਾਂਗਰਸੀ ਲੀਡਰ ਨੂੰ ਆਪਣਾ ਵੋਟ ਨ ਦਿਓ।ਮਰੀ ਜਮੀਰਾਂ ਵਾਲੇ ਕਾਂਗਰਸੀ ਲੀਡਰਾਂ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ। ਕਰੋ ਪ੍ਰਣ ਕਰਤਾਰ ਭਲੀ ਕਰੇਗਾ।

**-ਅਵਤਾਰ ਸਿੰਘ ਭਿਓਰਾ, ਮੋ. 7065379792**






**ਧੀ ਰਾਣੀ ਮਨਸੀਰਤ ਕੌਰ ਜਨਮ ਦਿਨ ਮੁਬਾਰਕ**

# ਹੱਡਬੀਤੀ-ਭਰੂਣ ਹੱਤਿਆ ਤੋਂ ਜ਼ਿੰਦਗੀ ਦਾ ਸਫਰ



ਮਨੁੱਖੀ ਜੀਵਨ ਵਿਚ ਦੁੱਖ-ਸੁੱਖ ਆਉਂਦੇ ਜਾਂਦੇ ਰਹਿੰਦੇ ਹਨ, ਪਰ ਕਈ ਵਾਰ ਮਨੁੱਖ ਚੰਗੇ ਭਵਿੱਖ ਦੀ ਬੇਲੋੜੀ ਚਿੰਤਾ ਨੂੰ ਲੈ ਕੇ ਗਲਤ ਫੈਸਲਾ ਕਰ ਬੈਠਦਾ ਹੈ ਜਿਸ ਦੇ ਪਛਤਾਵੇ ਦਾ ਬੋਝ ਜਿੰਦਗੀ ਪੂਰੀ ਜਿੰਦਗੀ ਝੱਲਦਾ ਹੈ ।ਅੱਜ ਸਾਰਾ ਸੰਸਾਰ ਭੌਤਿਕਵਾਦ,ਪਦਾਰਥਵਾਦ,ਗਿਆਨ, ਵਿਗਿਆਨ ਵਿਚ ਉਲਝਿਆ ਪਿਆ ਹੈ,ਇਹ ਪਸਾਰਾ ਮਨੁੱਖ ਦੁਆਰਾ ਕੀਤੇ ਪ੍ਰਯੋਗਾਂ ਦੁਆਰਾ ਪ੍ਰਕਿਰਤੀ ਨੂੰ ਸਮਝਣ ਲਈ ਹੋਂਦ ਵਿਚ ਆਇਆ ਸੀ,ਪਰ ਸਾਡੀ ਮਨੁੱਖੀ ਜੀਵਨਸ਼ੈਲੀ ਇਸ ਵਰਤਾਰੇ ਦੀ ਐਸੀ ਗ੍ਰਿਫਤ ਵਿਚ ਆਈ ਹੈ ਕਿ ਏਸੇ ਉਤੇ ਹੀ ਨਿਰਭਰ ਹੋ ਕੇ ਰਹਿ ਚੁੱਕੀ ਹੈ। ਜੀਵਨ ਦੇਣ ਵਾਲਾ ਪ੍ਰਮੇਸ਼ਵਰ ਭਾਓ ਭਗਤਿ ਪ੍ਰੇਮ ਅਧੀਨ ਹੈ,ਜੋ ਭਗਤ ਜਨਾ ਦੇ ਹਿਰਦੇ ਵਿਚ ਵਾਸ ਰੱਖਦਾ ਹੈ,ਧਰਮ ਦਾ ਧੁਰਾ ਪ੍ਰਮੇਸ਼ਵਰ ਹੈ,ਸਾਰੇ ਧਰਮ ਪੈਗੰਬਰਾਂ ਦੁਆਰਾ ਹੋਂਦ ਵਿਚ ਆਏ,ਵਿਗਿਆਨ ਆਪਣੀ ਖੋਜ ਸਹਾਰੇ ਅੰਤ ਪਾਉਣਾ ਚਾਹੁੰਦਾ ਹੈ,ਪਰ ਪ੍ਰਭੂ ਬੇਅੰਤ ਅਥਾਹ ਹੈ ਉਸਦਾ ਮਾਰਗ ਪ੍ਰੇਮਾ ਭਗਤੀ ਹੈ। ਮਨੁੱਖੀ ਜੀਵਨ ਵਿਚ ਧਰਮ ਅਤੇ ਧਾਰਮਿਕ ਉਪਦੇਸ ਦੀ ਬੜੀ ਮਹਾਨਤਾ ਹੈ, ਔਖੇ ਤੋਂ ਔਖੇ ਸਮੇਂ ਸਤਿਗੁਰੂ ਸਾਹਿਬ ਜੀ ਦਾ ਉਪਦੇਸ਼ ਟੁੱਟ ਚੁੱਕੇ ਮਨੁੱਖ ਦਾ ਸਹਾਈ ਹੁੰਦਾ ਹੈ,ਸੰਸਾਰ ਵਿਚ ਉਲਝੇ ਜੀਵਾਂ ਨੂੰ ਸਤ,ਸੰਤੋਖ,ਦਯਾ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਕਠੋਰ ਹਿਰਦਿਆਂ ਨੂੰ ਸ਼ਾਂਤੀ ਬਖ਼ਸ਼ ਕੇ ਅਪ੍ਰਾਧਾਂ ਤੋਂ ਬਚਾਅ ਕੇ ਜੀਵਨ ਦੇ ਹਰ ਖੇਤਰ ਵਿਚ ਅਗਵਾਈ ਕਰਦਾ ਹੈ। ਜਿਸ ਦੀ ਮਿਸਾਲ ਮੈਂ ਆਪਣੇ ਜੀਵਨ ਦੀ ਹੱਡਬੀਤੀ ਘਟਨਾ ਸਾਂਝੀ ਕਰਕੇ ਪਾਠਕਾਂ ਸਾਹਮਣੇਂ ਰੱਖਣਾ ਚਾਹੁੰਦਾ ਹਾਂ, ਜਦੋਂ ਭਰੂਣ ਹੱਤਿਆ ਦੇ ਘੋਰ ਪਾਪ ਤੋਂ ਮੈਨੂੰ ਸਤਿਗੁਰੂ ਜੀ ਦੇ ਉਪਦੇਸ਼ ਦੇ ਸਹਾਰੇ ਨੇ ਬਚਾਇਆ ਤੇ ਉਸਦੀ ਝਲ੍ਹਕ ਭਾਈ ਸਾਹਿਬ ਸਰਦਾਰ ਕੰਵਰ ਅਜੀਤ ਸਿੰਘ ਜੀ ਨੇ ਪਵਾਈ। ਭਾਈ ਸਾਹਿਬ ਕਿਸੇ ਜਾਣ ਪਛਾਣ ਦੇ ਮੁਥਾਜ ਨਹੀ "ਸਭ ਦੁਸ਼ਟ ਝਖ ਮਾਰਾ ਤੇ ਕਾਮਰੇਡੀ ਸਿੱਖਾਂ ਦੇ ਕੌਤਕ" ਵਰਗੀਆਂ ਦਰਜਨਾਂ ਕਿਤਾਬਾਂ ਦੇ ਲਿਖਾਰੀ ਭਾਈ ਸਾਹਿਬ ਸੰਨ੍ਹ 1993 ਤੋਂ ਰੇਲਵੇ ਚੋਂ ਇੰਜੀਨੀਅਰ ਦੀ ਨੌਕਰੀ ਤੋਂ ਰਿਟਾਇਰ ਹੋਣ ਤੋਂ ਬਾਅਦ ਲਗਾਤਾਰ ਬੱਚਿਆਂ ਨੂੰ ਗੁਰਬਾਣੀ ਸੰਥਿਆ ਕਰਵਾਉਂਦੇ ਰਹੇ,ਜੋ ਪਿਛਲੇ ਵਰ੍ਹੇ ਅਕਾਲ ਚਲਾਣਾ ਕਰ ਗਏ 29 ਸੰਥਿਆ ਦੀਆਂ ਸੇਵਾਵਾਂ ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਉਨਾਂ ਨੇ ਨਿਭਾਈਆਂ ਜੋ ਸਭਨਾਂ ਲਈ ਪ੍ਰੇਰਣਾਦਾਇਕ ਕਾਰਜ ਹੈ। ਮੇਰਾ ਅਨੰਦ ਕਾਰਜ ਸੰਨ੍ਹ 2008 ਵਿਚ ਗੁਰਮਤਿ ਅਨੁਸਾਰ ਸਾਦੇ ਢੰਗ ਨਾਲ ਹੋਇਆ ਵਿਆਹ ਤੋਂ ਥੋੜ੍ਹੇ ਸਮੇਂ ਬਾਅਦ ਚੈਕਅੱਪ ਲਈ ਹਸਪਤਾਲ ਪਹੁੰਚੇ ਤਾਂ ਕੁਝ ਖ਼ੂਨ ਦੇ ਟੈਸ਼ਟਾਂ ਤੋਂ ਪਤਾ ਲੱਗਾ ਕਿ ਸਿੰਘਣੀ ਨੂੰ ਵਾਇਰਲ ਇਫੈਕਸ਼ਨ ਹੈ, ਜੋ ਭਵਿੱਖ ਚ ਘਾਤਕ ਹੋ ਸਕਦਾ ਹੈ ਅੰਮ੍ਰਿਤਸਰ ਦੇ ਮਾਲ ਰੋਡ ਵਿਖੇ ਇਕ ਨਿਜੀ ਹਸਪਤਾਲ ਚੋਂ ਇਲਾਜ ਕਰਵਾਇਆ ਡਾਕਟਰ ਨੇ ਕੁਝ ਮਹੀਨੇ ਇਲਾਜ ਦੀ ਸਲਾਹ ਦਿੱਤੀ ਪਰ ਉਸ ਤੋਂ ਬਾਅਦ ਵੀ ਬਹੁਤਾ ਫਰਕ ਨਾ ਪਿਆ ਅਖੀਰ ਡਾ. ਸਾਬ ਨੇ ਦੱਸਿਆ ਕਿ ਇਸ ਬੀਮਾਰੀ ਨੂੰ ਨੈਗੇਟਿਵ ਕਰਨ ਦੀ ਕੋਈ ਵੀ ਦੁਆਈ ਇਸ ਦੁਨੀਆਂ ਵਿਚ ਨਹੀਂ ਲਗਾਤਾਰ ਦਵਾਈ ਲੈਣ ਨਾਲ ਰੋਗ ਵੱਧਣ ਦਾ ਖਤਰਾ ਘੱਟ ਜਾਂਦਾ ਹੈ। ਉਨਾ ਦਿਨਾਂ ਵਿਚ ਅਸੀ ਅੰਮ੍ਰਿਤਸਰ ਦੇ ਨਾਮੀ ਹਸਪਤਾਲ ਚੋ ਪ੍ਰੈਗਨੈਂਸੀ ਟੈਸਟ ਕਰਵਾਏ ਪਤਾ ਲੱਗਾ ਕਿ ਸਿੰਘਣੀ ਦੇ ਪੇਟ ਅੰਦਰ 30 ਕੁ ਦਿਨ ਦਾ ਭਰੂਣ ਹੈ ਪਰ ਜਦੋਂ ਲੇਡੀ ਡਾਕਟਰ ਨੇ ਛੇ ਮਹੀਨੇ ਚਲ ਚੁੱਕੇ ਇਲਾਜ ਦੀਆਂ ਫਾਈਲਾਂ ਵੇਖੀਆਂ ਤਾਂ ਪੇਟ ਵਿਚ ਪਲ੍ਹ ਰਹੇ ਭਰੂਣ ਲਈ ਉਹ ਦਵਾਈਆਂ ਏਨੀਆਂ ਘਾਤਕ ਸਨ ਜਿੰਨਾ ਬਾਰੇ ਉਨ੍ਹਾਂ ਖੁਲ੍ਹ ਕੇ ਦੱਸਿਆ ਤੇ ਕਿਹਾ ਕਿ ਜਿਹੜੀ ਦਵਾਈ ਤੁਸੀ ਖਾ ਚੁੱਕੇ ਹੋ ਉਸ ਦਾ ਮਨੁੱਖੀ ਸਰੀਰ ਤੇ ਛੇ ਮਹੀਨੇ ਅਸਰ ਰਹਿੰਦਾ ਹੈ ਅਤੇ ਉਸ ਦੇ ਅਸਰ ਮੁੱਕਣ ਤੋਂ ਬਾਅਦ ਹੀ ਗਰਭ ਧਾਰਨ ਚਾਹੀਦਾ ਸੀ। ਮੈਡੀਕਲ ਸਾਇੰਸ ਮੁਤਾਬਿਕ ਤੁਹਾਡਾ ਇਹ ਬੱਚਾ ਅਪਾਹਜ ਹੋ ਸਕਦਾ ਹੈ ਪ੍ਰੈਗਨੈਂਸੀ ਦੇ ਦੌਰਾਨ ਐਸੀਆਂ ਦਵਾਈਆਂ ਦੀ ਵਰਤੋਂ ਬਹੁਤ ਖ਼ਤਰਨਾਕ ਸਿੱਧ ਹੋ ਸਕਦੀ ਹੈ ਇਸ ਲਈ ਮੇਰੀ ਸਲਾਹ ਹੈ ਕੁਝ ਦਵਾਈਆਂ ਖਾਣ ਤੋਂ ਬਾਅਦ ਤੁਸੀ ਇਸ ਭਰੂਣ ਨੂੰ ਗਿਰ੍ਹਾ ਕੇ ਇਸ ਮੁਸੀਬਤ ਤੋ ਬਚ ਸਕਦੇ ਹੋ ਵਰਨਾ..? ਜੇ ਕੱਲ੍ਹ ਨੂੰ ਬੱਚਾ ਅਪਾਹਜ ਹੁੰਦਾ ਹੈ ਤਾਂ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ ਨਾਲ ਜੀ ਇਹ ਕਹਿ ਦਿੱਤਾ ਕਿ ਜ਼ਿਆਦਾ ਦਿਨ ਬੀਤਣ ਨਾਲ ਇਹ ਕਾਰਜ ਅਪ੍ਰੇਸ਼ਨ ਨਾਲ ਹੋਵੇਗਾ ।ਮੇਰਾ ਹਸਪਤਾਲਾਂ ਨਾਲ ਜਿੰਦਗੀ ਵਿੱਚ ਪਹਿਲੀ ਵਾਰ ਵਾਹ ਪਿਆ ਸੀ ਜਿਸ ਕਰਕੇ ਡਰ ਸਹਿਮ ਜਾਂ ਕਾਹਲੀ ਵਿੱਚ ਕੁਝ ਕਰਨ ਦੀ ਬਜਾਇ ਇਕ ਹਫ਼ਤੇ ਦਾ ਸਮਾਂ ਸੋਚਣ ਲਈ ਮੰਗਿਆ, ਘਰ ਪਹੁੰਚ ਕੇ ਡਾਕਟਰ ਦੀਆਂ ਵਿਚਾਰਾਂ ਨਾਲ ਘਰ ਵਾਲਿਆਂ ਨੇ ਸਹਿਮਤੀ ਪ੍ਰਗਟਾਈ ਕਿ ਬੱਚੇ ਨੂੰ ਨਾ ਰੱਖਿਆ ਜਾਵੇ । ਧਾਰਮਿਕ ਸੰਸਕਾਰਾਂ ਕਰਕੇ ਮੇਰੇ ਮਨ ਵਿਚ ਖਿਆਲ ਆਉਦੇ ਕਿ ਸਾਡੇ ਕਰਮਾਂ ਵਿਚ ਜੋ ਹੈ ਉਹ ਤਾਂ ਮਿਲ ਕੇ ਹੀ ਰਹੇਗਾ, ਪ੍ਰਭੂ ਤੋਂ ਭੱਜ ਕੇ ਕਿਤੇ ਨਹੀਂ ਜਾਇਆ ਜਾ ਸਕਦਾ.... ਇਸ ਕਸ਼ਮਕਸ਼ ਵਿਚ ਦੋ ਦਿਨ ਬੀਤਣ ਉਪਰੰਤ ਫੋਨ ਕਰਕੇ ਮੈਂ ਸਰਦਾਰ ਕੰਵਰਅਜੀਤ ਸਿੰਘ ਪਟਿਆਲਾ ਜੀ ਨੂੰ ਸਾਰੀ ਸਥਿਤੀ ਬਿਆਨ ਕੀਤੀ ਅਤੇ ਦੱਸਿਆ ਕਿ ਮੈਂ ਇਹ ਪਾਪ ਨਹੀਂ ਕਰਨਾ ਚਾਹੁੰਦਾ। ਸਰਦਾਰ ਸਾਹਿਬ ਮਹਾਰਾਜ ਜੀ ਤੇ ਬਹੁਤ ਅਟੁੱਟ ਵਿਸ਼ਵਾਸ ਵਾਲੀ ਰੂਹ ਸਨ ਉਨ੍ਹਾਂ ਨੇ ਜੋ ਕਿਹਾ ਅੱਜ ਵੀ ਮੇਰੇ ਕੰਨਾਂ ਅੰਦਰ ਗੂੰਜਦਾ ਹੈ । "ਇਹ ਸਿੱਖੀ ਦੀ ਪਰਖ਼ ਹੈ ਅਸੀਂ ਪ੍ਰਭੂ ਤੋਂ ਭੱਜ ਕੇ ਦੁਨੀਆਂ ਅੰਦਰ ਕਿਤੇ ਨਹੀਂ ਜਾ ਸਕਦੇ, ਉਹ ਬੇਅੰਤ ਹੈ ਮਹਾਰਾਜ ਵੱਲੋਂ ਆਉਣ ਵਾਲੇ ਦੁਖ-ਸੁਖ ਨੂੰ ਸਵੀਕਾਰ ਕਰੋ, ਥਿਰ ਰਹੋ, ਉਹ ਭਲੀ ਕਰੇਗਾ ਗੁਰੂ ਅੱਗੇ ਅਰਦਾਸ ਕਰੋ ਉਹ ਬਹੁੜੇਗਾ, ਪਾਪ ਕਰਨ ਬਾਰੇ ਕਦੇ ਸੋਚਣਾ ਵੀ ਨਾ, ਇਸ ਜਨਮ ਵਿਚ ਨਹੀਂ ਤਾਂ ਹੋਰ ਜਨਮ ਵਿੱਚ ਭੁਗਤੋਗੇ÷ ਇਸ ਹਲੂਣੇ ਤੋਂ ਬਾਅਦ ਇਉਂ ਲੱਗਾ ਕਿ ਜਿਵੇਂ ਸਮੁੰਦਰ ਵਿਚ ਡੁੱਬਦੇ ਨੂੰ ਕੋਈ ਕਿਨਾਰਾ ਮਿਲ ਗਿਆ ਹੋਵੇ ਪੱਕਾ ਮਨ ਬਣਾ ਲਿਆ ਕਿ ਆਉਣ ਵਾਲੇ ਜੀਵ ਨੂੰ ਅਸੀਂ ਨਹੀਂ ਰੋਕ ਸਕਦੇ ਹਫ਼ਤੇ ਬਾਅਦ ਅਸੀਂ ਡਾ. ਕੋਲ ਜਾਣ ਤੋਂ ਪਹਿਲਾਂ ਦਰਬਾਰ ਸਾਹਿਬ ਵਿਖੇ ਅਰਦਾਸ ਕੀਤੀ ਹਸਪਤਾਲ ਪਹੁੰਚ ਕੇ ਕਿਹਾ ਕਿ ਅਸੀਂ ਆਪਣਾ ਬੱਚਾ ਕਤਲ ਨਹੀਂ ਕਰਨਾ ਚਾਹੁੰਦੇ ।ਡਾ. ਮੈਡਮ ਕਹਿਣ ਲੱਗੇ ਕਿਉਂ...? ਅਸੀਂ ਦੱਸਿਆ ਕਿ ਪ੍ਰਭੂ ਜੋ ਚਾਹੁੰਦਾ ਹੈ ਉਹ ਹੋ ਕੇ ਹੀ ਰਹੇਗਾ ਉਸੇ ਦੀ ਰਜ਼ਾ ਤੇ ਛੱਡ ਦਿੱਤਾ ਹੈ ਡਾ.ਮੈਡਮ ਕਹਿਣ ਲੱਗੇ ਇਹ ਅੰਧ ਵਿਸ਼ਵਾਸ ਹੈ, ਇਹਨਾਂ ਵਿਚਾਰਾਂ ਨੂੰ ਮੈਡੀਕਲ ਸਾਂਇਸ ਵਿਚ ਕੋਈ ਥਾਂ ਨਹੀਂ ਜੇਕਰ ਤੁਹਾਡਾ ਬੱਚਾ ਅਪਾਹਜ ਹੋਇਆ ਤਾਂ ਸਾਰੀ ਜਿੰਦਗੀ ਪਛਤਾਉਗੇ । ਅਸੀ ਫਿਰ ਦੁਹਰਾਇਆ 'ਡਾ. ਸਾਹਿਬ ਅਸੀ ਇਹ ਪਾਪ ਨਹੀਂ ਕਰਨਾ ਚਾਹੁੰਦੇ,ਸੋ ਇਸ ਦੇ ਲਈ ਜ਼ਰੂਰੀ ਹੈ ਕਿ ਸਭ ਕੁਝ ਪ੍ਰਭੂ ਤੇ ਹੀ ਛੱਡ ਦਿੱਤਾ ਜਾਵੇ ਉਪਰੰਤ ਬੱਚੇ ਦੀ ਕੇਅਰ ਲਈ ਕੁਝ ਦਵਾਈਆਂ ਲੈ ਕੇ ਵਾਪਿਸ ਆ ਗਏ ਮੇਰਾ ਅਟੁੱਟ ਵਿਸ਼ਵਾਸ ਸੀ ਕਿ "ਪ੍ਰਭੂ ਹੁਨਰੀ ਕਾਰਜ ਇਉਂ ਹੈ ਜਿਵੇਂ ਬੰਦ ਕਲੀ ਨੇ ਖੁਲਣਾ ਹੋਵੇ ਪੇਟ ਅੰਦਰ ਪਲ ਰਹੇ ਬੱਚੇ ਦੇ ਨੈਣ ਨਕਸ਼ ਉਸ ਦੀ ਮਾਂ ਨਹੀਂ ਘੜ ਸਕਦੀ ਇਸ ਲਈ ਡਾ. ਸਾਹਿਬ ਦਾ ਦਾਅਵਾ ਵਿਅਰਥ ਰੱਖਦਿਆਂ ਚਿੰਤਾ ਨੂੰ ਛੱਡ ਕੇ ਪ੍ਰਭੂ ਤੇ ਵਿਸ਼ਵਾਸ ਰੱਖਿਆ ਤਿੰਨ ਮਹੀਨਿਆਂ ਪਿਛੋਂ ਅਲਟਰਾਸਾਊਂਡ ਟੈਸਟ ਕਰਵਾਇਆ ਤਾਂ ਬੱਚੇ ਦੇ ਸਾਰੇ ਅੰਗ ਮੌਜੂਦ ਸਨ ਡਾ. ਸਾਹਿਬ ਨੇ ਸਾਨੂੰ ਵਧਾਈ ਦਿੱਤੀ ਤੇ ਨਾਲ ਹੀ ਇਹ ਕਹਿ ਦਿੱਤਾ ਕਿ ਦਿਮਾਗ,ਅੱਖਾਂ, ਕੰਨ, ਨੱਕ ਦੀ ਹਾਲਾਤ ਬਾਰੇ ਸਾਨੂੰ ਕੁਝ ਪਤਾ ਨਹੀਂ ਅਸੀਂ ਫਿਰ ਦੁਚਿੱਤੀ ਵਿਚ ਪਰ

**ਆਖਰ ਸਤਿਗੁਰਾਂ ਅੱਗੇ ਅਰਦਾਸ ਕੀਤੀ :**

**ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮ ਲਇਆ**
**ਤਾਪ ਪਾਪ ਸਭ ਮਿਟੇ ਰੋਗ ਸੀਤਲ ਮਨ ਭਇਆ**
**ਗੁਰ ਪੂਰਾ ਆਰਾਧਿਆ ਸਗਲਾ ਦੂਖੁ ਗਇਆ**
**ਰਾਖਨਹਾਰੈ ਰਾਖਿਆ ਅਪਨੀ ਕਰ ਮਇਆ॥ ਰਹਾਉ** (ਅੰਗ 817)

ਮਹਾਰਾਜ ਜੀ ਨੇ ਕਿਰਪਾ ਕੀਤੀ ਦੋ ਅਪ੍ਰੈਲ ਸੰਨ੍ਹ 2011 ਨੂੰ ਸਾਡੀ ਖੁਸ਼ੀ ਦਾ ਟਿਕਾਣਾ ਨਾ ਰਿਹਾ ਜਦੋਂ ਉਸੇ ਹੀ ਹਸਪਤਾਲ ਹੋਮ ਵਿਚ 2 ਅਪ੍ਰੈਲ ਨੂੰ ਤੰਦਰੁਸਤ ਬੱਚੀ ਨੇ ਜਨਮ ਲਿਆ ।ਮੈਡੀਕਲ ਸਾਇੰਸ ਮੁਤਾਬਿਕ 2 ਤੋਂ 3 ਕਿਲੋ ਵਜ਼ਨ ਵਾਲਾ ਬੱਚਾ ਤੰਦਰੁਸਤ ਮੰਨਿਆ ਜਾਂਦਾ ਹੈ, ਪਰ ਇਸ ਬੱਚੀ ਦਾ ਵਜ਼ਨ ਸਾਢੇ ਤਿੰਨ ਕਿਲੋ ਸੀ ਨੈਣ-ਨਕਸ਼,ਜਨਮ ਸਮੇਂ ਹੀ ਸੰਘਣੇ ਕਾਲੇ ਕੇਸ ਇਸ ਬੱਚੀ ਵੱਲ ਵੇਖ ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਿਸ ਨੂੰ ਮੈਡੀਕਲ ਸਾਇੰਸ ਕਤ੍ਹਲ ਕਰਵਾ ਰਹੀ ਸੀ,ਪਰ ਰੱਬੀ ਸਬਰ ਸਿਦਕ ਨਾਲ ਉਹ ਬੱਚਾ ਬਿਲਕੁਲ ਤੰਦਰੁਸਤ ਜਨਮਿਆ, ਦੂਜੇ ਪਾਸੇ ਜੇਕਰ ਮਾਂ ਨੂੰ ਕੋਈ ਇੰਫੈਕਸ਼ਨ ਹੋਵੇ ਤਾਂ ਬੱਚੇ ਨੂੰ ਹੋਣੀ ਸੁਭਾਵਿਕ ਹੈ ਪਰ ਬੱਚੀ ਬਿਲਕੁਲ ਨਿਰੋਗ ਹੈ ਜੋ ਕਿ ਕਰਤਾਰੀ ਕਰਾਮਾਤ ਤੋਂ ਘੱਟ ਨਹੀਂ ਗੁਰਬਾਣੀ ਦੇ (ਮ) ਅੱਖਰ ਚੋਂ ਮਨਸੀਰਤ ਕੌਰ ਨਾਮ ਰਖਿਆ ਗਿਆ ਇਸ ਨੂੰ ਉਸ ਪ੍ਰਭੂ ਦੀ ਬਖ਼ਿਸ਼ਸ਼ ਤੇ ਰਹਿਮਤ ਹੀ ਮੰਨਿਆ ਜਾ ਸਕਦਾ ਹੈ :

**ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ। ਨਾਨਕ ਕਾ ਪਾਤਸਾਹੁ ਦਿਸੈ ਜ਼ਾਹਰਾ** (ਅੰਗ 397)


ਵਿਗਿਆਨ ਦੀ ਪਹੁੰਚ ਪਦਾਰਥਵਾਦ ਤੱਕ ਹੈ ਮੈਡੀਕਲ ਸਾਇੰਸ ਨੇ ਸਾਰਾ ਸਰੀਰ ਪਾੜ ਕੇ ਦੇਖ ਲਿਆ,ਦਿਲ, ਫੇਫੜੇ,ਜਿਗਰ, ਗੁਰਦੇ,ਸਕੈਨਿਕ ਕੀਤੀ ਪਰ ਰੱਬ ਕਿਤੋਂ ਨਹੀਂ ਮਿਲਿਆ ਕਿਸੇ ਵਿਗਿਆਨੀ ਨੂੰ ਅੱਜ ਤੱਕ ਰੱਬ ਜੀ ਬਣਾਈ ਕੁਦਰਤਿ ਦਾ ਅੰਤ ਨਹੀਂ ਮਿਲਿਆ,ਕਿਉਂਕਿ ਪ੍ਰਭੂ ਵਿਗਿਆਨ ਦੀ ਕੈਮਿਸਟਰੀ, ਬਾਇਓਲੋਜੀ, ਫਿਜਿਕਸ, ਟ੍ਰਿਗਨੋਮੈਟਰੀ, ਐਕਟ੍ਰੋਨੋਮੀ ਆਦਿ ਤੋਂ ਬਹੁਤ ਬਾਹਰ ਹੈ ਇਹਨਾਂ ਦਾ ਵਿਸ਼ਾ ਨਹੀਂ ਹੈ ਪ੍ਰਭੂ ਪ੍ਰੇਮਾ ਭਗਤੀ ਮਾਰਗ ਹੈ ਜਿਥੇ ਸਾਡੀ ਅਗਵਾਈ ਇਲਾਹੀ ਬਚਨ ਕਰਦੇ ਹਨ ਇਸ ਰਸਤੇ ਤੇ ਸਤਿਗੁਰਾਂ ਦੀ ਭੈਅ-ਭਾਵਨੀ ਮਨ ਵਿਚ ਰੱਖ ਚੱਲਿਆ ਜਾਂਦਾ ਹੈ ।ਗੁਰੂ ਸਾਹਿਬ ਜੀ ਨੇ ਬਖਸ਼ਿਸ਼ ਕਰਕੇ ਸਾਨੂੰ ਜਿਸ "ਧੁਰ ਕੀ ਬਾਣੀ ਦੀ ਬਖਸ਼ਿਸ਼ ਕੀਤੀ, ਉਸ ਨਾਮਬਾਣੀਂ ਦੀ ਕਮਾਈ ਕਰਨ ਵਾਲੀਆਂ ਰੂਹਾਂ ਧੰਨ ਹਨ,ਜਿਵੇਂ ਬੱਚੀ ਮਨਸੀਰਤ ਦੀ ਜਿੰਦਗੀ ਭਾਈ ਸਾਹਿਬ ਜੀ ਦੇ ਕਮਾਈ ਵਾਲੇ ਦੋ ਬੋਲ ਬਚਾ ਗਏ ਸਤਿਗੁਰੂ ਜੀ ਦੀਆਂ ਖੁਸ਼ੀਆਂ ਮਾਨਣ ਵਾਲੀ ਘਰ ਦੀ ਰੌਣ.ਕ ਧੀ ਰਾਣੀ ਅੱਜ ਜਿੰਦਗੀ ਦੇ ਤੇਰ੍ਹਾਂ ਵਰਿਆਂ ਦੀ ਹੋ ਚੁੱਕੀ ਹੈ। ••



ਸ਼ਮਸ਼ੇਰ ਸਿੰਘ ਜੇਠੂਵਾਲ


ਸਾਬਤ ਸੂਰਤਿ ਦਸਤਾਰ ਸਿਰਾ

ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)

ਸੰਪਰਕ ਨੰ. :

+91 98882-22446



ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com

Call us now for a Free no-olbigation quote

# THE GURBANI SCHOOL

THE GURBANI SCHOOL

## ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।

## LEARN THE CORRECT PRONUNCIATION OF GURBANI IN THE CONVENIENCE OF YOUR OWN HOME

GET IT ON Google Play

Download on the App Store




ਆਵਾਜ਼ਿ ਕੌਮ AWAZE QAUM International Newspaper & WEB TV

**INTERACTIVE LEARNING**
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION

8 **EIGHT PRAYERS AVAILABLE**
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN

**AUTO SCROLL GURBANI PLAYER**
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION

**MULTILINGUAL**
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH



ੴ ਸ਼੍ਰੀ ਵਾਹਿਗੁਰੂ ਜੀ ਕੀ ਫਤਿਹ
ਸਿੱਖ ਫੁੱਲਵਾੜੀ ਵਿਕਾਸ ਗੁਰਮਤਿ ਕੇਂਦਰ (ਰਜਿ:) ਗੁ: ਰੋੜੀ ਸਾਹਿਬ ਪਿੰਡ ਡਾਲਾ
ਖਾਲਸਾਈ ਖੇਡਾਂ
ਮਿਤੀ 6 ਅਪ੍ਰੈਲ 2024 ਦਿਨ ਸ਼ਨੀਵਾਰ
ਗੱਤਕਾ ਕੱਪ
ਆਵਾਜ਼ਿ ਕੌਮ AWAZE QAUM International Newspaper & WEB TV
ਨਾਟਕ
ਕੋਰੀਉਗ੍ਰਾਫੀ
ਗੱਤਕਾ ਮੁਕਾਬਲੇ
ਆਰੰਭ ਸ਼੍ਰੀ ਆਖੰਡ ਪਾਠ ਸਾਹਿਬ ਮਿਤੀ : 4 ਅਪ੍ਰੈਲ ਦਿਨ ਵੀਰਵਾਰ
ਭੋਗ ਸ਼੍ਰੀ ਆਖੰਡ ਪਾਠ ਸਾਹਿਬ ਮਿਤੀ : 6 ਅਪ੍ਰੈਲ ਦਿਨ ਸ਼ਨੀਵਾਰ
ਗੁ: ਰੋੜੀ ਸਾਹਿਬ, ਪਿੰਡ ਡਾਲਾ (ਮੋਗਾ)
LIVE ON
Nihang TV
ਭੋਗ ਉਪਰੰਤ
ਭਾਈ ਮਨਧੀਰ ਸਿੰਘ ਖਾਲਸਾ
ਸੰਗਤਾ ਨੂੰ ਗੁਰਮਤਿ ਵਿਚਾਰਾਂ ਰਾਂਹੀ
ਨਿਹਾਲ ਕਰਨਗੇ
Sikh phulwari vikas gurmat kendar dala
Like us Facebook page
ਸਮਾਂ:- ਗੱਤਕਾ ਸ਼ਾਮ 6ਵਜੇ ਤੋਂ ਦੇਰ ਰਾਤ ਤੱਕ
ਸੰਪਰਕ : 94658-51126, 92172-11786




GURUJI FLEX MOGA
WALLPAPER
FLOOR MATT
FLEX, VINYAL, ONEWAY VISION PRINTING 98141-83619




ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥
ਖ਼ਾਲਸੇ ਮਹਿ ਹੌ ਕਰੌ ਨਿਵਾਸ ॥

# ਗੁਰੂ ਨਾਨਕ ਗੁਰਦਵਾਰਾ ਕਲਚਰਲ ਐਂਡ ਰੀਕਰੈਸ਼ਨਲ ਸੈਂਟਰ, ਪ੍ਰੈਸਿਟਨ

## Guru Nanak Gurdwara Cultural & Recreational Centre



ਵੱਲੋਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ

# ਧਾਰਮਿਕ ਸਮਾਗਮ

## 21 ਅਪ੍ਰੈਲ ਦਿਨ ਐਤਵਾਰ

### ★ ਪ੍ਰੋਗਰਾਮ ★

21 ਅਪ੍ਰੈਲ ਸਵੇਰੇ 11ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਹੋਣਗੇ।

ਉਪਰੰਤ ਭਾਈ ਇੰਦਰਜੀਤ ਸਿੰਘ ਬੰਬੇ ਵਾਲੇ ਜਥਾ ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਢਾਡੀ ਜਥਾ ਭਾਈ ਰਸਾਲ ਸਿੰਘ ਜੀ ਵੱਲੋਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ਼ ਜੋੜ ਸਿੱਖ ਇਤਿਹਾਸ ਦੀਆਂ ਵਾਰਾਂ ਨਾਲ਼ ਅਤੇ ਰਸ ਭਿੰਨੇ ਕੀਰਤਨ ਨਾਲ਼ ਨਿਹਾਲ ਕੀਤਾ ਜਾਵੇਗਾ।

ਉੱਘੀਆਂ ਪੰਥਕ ਸ਼ਖਸ਼ੀਅਤਾਂ ਵੀ ਇਸ ਸਮਾਗਮ ਆਪਣੇ ਵਿਚਾਰਾਂ ਨਾਲ਼ ਹਾਜ਼ਰੀ ਭਰਨਗੀਆ।

### ★ ਪ੍ਰਬੰਧਕ ਕਮੇਟੀ ★



ਭਾਈ ਭਾਗ ਸਿੰਘ (ਪ੍ਰਧਾਨ), ਭਾਈ ਸਰਬਜੀਤ ਸਿੰਘ ਦਿਓਲ (ਮੀਤ ਪ੍ਰਧਾਨ), ਭਾਈ ਲਖਬੀਰ ਸਿੰਘ ਰਾਏ (ਜਨਰਲ ਸਕੱਤਰ), ਭਾਈ ਲਖਬੀਰ ਸਿੰਘ ਰੰਧਾਵਾ (ਮੀਤ ਸਕੱਤਰ), ਭਾਈ ਗੁਰਮੇਲ ਸਿੰਘ (ਸਟੇਜ ਸਕੱਤਰ), ਭਾਈ ਅਮਰੀਕ ਸਿੰਘ (ਖਜਾਨਚੀ), ਬੀਬੀ ਬਲਵਿੰਦਰ ਕੌਰ ਸੰਧਰ (ਜਥੇਦਾਰਨੀ), ਭਾਈ ਬਲਦੇਵ ਸਿੰਘ (ਹੈਲਥ ਮਨਿਸਟਰ), ਭਾਈ ਜਸਵੀਰ ਸਿੰਘ (ਮੀਤ ਖਜਾਨਚੀ), ਭਾਈ ਅਵਤਾਰ ਸਿੰਘ ਮੱਲ੍ਹੀ (ਬਿਲਡਿੰਗ ਮੈਨਟੀਨੈਂਸ), ਸਰਦਾਰ ਮਹਿੰਦਰ ਸਿੰਘ ਉੱਪਲ।

ਸਮੂਹ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕਰਦੇ ਹਾਂ ਕਿ ਸਮੇਂ ਸਿਰ ਪਹੁੰਚ ਕੇ ਗੁਰਬਾਣੀ, ਸਿੱਖ ਇਤਿਹਾਸ ਸਰਵਣ ਕਰਕੇ ਲਾਹਾ ਪ੍ਰਾਪਤ ਕਰੋ ਜੀ।

## ਬੇਨਤੀ ਕਰਤਾ : ਪ੍ਰਬੰਧਕ ਕਮੇਟੀ ਗੁਰੂ ਨਾਨਕ ਗੁਰਦਵਾਰਾ ਕਲਚਰਲ ਐਂਡ ਰੀਕਰੈਸ਼ਨਲ ਸੈਂਟਰ, ਪ੍ਰੈਸਿਟਨ ਅਤੇ ਸਮੂਹ ਸਾਧ ਸੰਗਤ

**2-20 Tunbridge Street, Preston, Lancashire PR1 5YP**
**Contact : 01772-798 395/07958 683 500**

ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।

### ਜਥੇਦਾਰ ਦਾਦੂਵਾਲ ਦੇ ਹਰਿਆਣਾ ਕਮੇਟੀ ਧਰਮ ਪ੍ਰਚਾਰ ਚੇਅਰਮੈਨ ਬਣਨ 'ਤੇ

# ਸਿੱਖ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ



**ਤਲਵੰਡੀ ਸਾਬੋ, 02 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)-** ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਮੈਂਬਰ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਰਿਆਣਾ ਕਮੇਟੀ ਦੇ ਜਨਰਲ ਹਾਊਸ ਵੱਲੋਂ 28 ਮਾਰਚ 2024 ਨੂੰ ਧਰਮ ਪ੍ਰਚਾਰ ਦਾ ਚੇਅਰਮੈਨ ਬਣਾਏ ਜਾਣ 'ਤੇ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਜਥੇਦਾਰ ਦਾਦੂਵਾਲ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਦੱਸਿਆ ਕਿ ਦੇਸ਼ ਵਿਦੇਸ਼ ਤੋਂ ਸਿੱਖ ਜਥੇਬੰਦੀਆਂ ਸੰਤ ਮਹਾਂਪੁਰਸ਼ਾਂ ਤੇ ਸਿੱਖ ਸੰਗਤਾਂ ਦੇ ਲਗਾਤਾਰ ਵਧਾਈਆਂ ਦੇ ਫੋਨ ਆ ਰਹੇ ਹਨ ਜਿਸ ਵਿੱਚ ਸਿੱਖ ਸੰਗਤਾਂ ਖੁਸ਼ੀ ਦਾ ਇਜ਼ਹਾਰ ਕਰ ਰਹੀਆਂ ਹਨ . ਭਾਈ ਬਰਾੜ ਨੇ ਦੱਸਿਆ ਕਿ ਜਥੇਦਾਰ ਦਾਦੂਵਾਲ ਜੀ ਪਿਛਲੇ 28 ਸਾਲ ਤੋਂ ਭਾਰਤ ਸਮੇਤ ਦੇਸ਼ ਵਿਦੇਸ਼ ਦੇ 20-25 ਮੁਲਖਾਂ ਵਿੱਚ ਸਿੱਖ ਧਰਮ ਸਾਂਝੀਵਾਲਤਾ ਦੇ ਪ੍ਰਚਾਰ ਸਹਿਤ ਪੰਥਕ ਮਸਲਿਆਂ ਤੇ ਸੰਘਰਸ਼ ਕਰਦੇ ਆ ਰਹੇ ਹਨ ਜਿਸ ਲਈ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਭਾਰਤ ਪਾਕਿਸਤਾਨ ਇੰਗਲੈਂਡ ਇਟਲੀ ਜਰਮਨ ਸਪੇਨ ਅਸਟਰੀਆ ਹਾਲੈਂਡ ਫਰਾਂਸ ਹਾਂਗਕਾਂਗ ਨਿਊਜ਼ੀਲੈਂਡ ਤੋਂ ਇਲਾਵਾ ਕਈ ਦੇਸ਼ਾਂ ਵਿੱਚ ਗੋਲਡ ਮੈਡਲ ਅਤੇ ਸਿੱਖ ਐਵਾਰਡਾਂ ਨਾਲ ਜਥੇਦਾਰ ਦਾਦੂਵਾਲ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਅੱਜ ਫਿਰ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ ਸਿੱਖ ਜਥੇਬੰਦੀਆਂ ਦੇ ਆਗੂ ਅਤੇ ਸਿੱਖ ਸੰਗਤਾਂ ਵੱਲੋਂ ਪੁੱਜ ਕੇ ਜਥੇਦਾਰ ਦਾਦੂਵਾਲ ਸਾਹਿਬ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਜਿਨਾਂ ਵਿੱਚ ਪੰਥਕ ਸੇਵਾ ਲਹਿਰ ਜਥੇਬੰਦੀ ਦੇ ਆਗੂ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ, ਬਾਬਾ ਜੀਵਨ ਸਿੰਘ ਚੁਨਾਗਰਾ, ਬਲਵਿੰਦਰ ਸਿੰਘ ਟਹਿਣਾ, ਜਸਪਿੰਦਰ ਸਿੰਘ ਡੱਲੇਵਾਲਾ, ਗੁਰਜੀਤ ਸਿੰਘ ਹਰੀਏਵਾਲਾ, ਅਵਤਾਰ ਸਿੰਘ ਚਾਂਦਪੁਰਾ, ਪ੍ਰਧਾਨ ਬਲਜਿੰਦਰ ਸਿੰਘ ਚਾਂਦਪੁਰਾ, ਬਸੰਤ ਸਿੰਘ ਕੋਟਸ਼ਮੀਰ, ਗੁਰਪਾਲ ਸਿੰਘ ਕੋਟ ਸ਼ਮੀਰ, ਮਨਪ੍ਰੀਤ ਸਿੰਘ ਮਣੀ ਕੋਟ ਸ਼ਮੀਰ, ਜਗਸੀਰ ਸਿੰਘ ਸੀਰਾ ਕੋਟ ਸ਼ਮੀਰ, ਪਰਮਜੀਤ ਸਿੰਘ ਪੰਮੀ ਕੋਟ ਸ਼ਮੀਰ, ਮਲਕੀਤ ਸਿੰਘ ਚਾਂਦਪੁਰਾ, ਸੁਖਬੀਰ ਸਿੰਘ ਚਾਂਦਪੁਰਾ, ਨਾਇਬ ਸਿੰਘ ਚਾਂਦਪੁਰਾ, ਗੁਰਜੰਟ ਸਿੰਘ ਚਾਂਦਪੁਰਾ, ਲੀਲਾ ਸਿੰਘ ਚਾਂਦਪੁਰਾ, ਬੂਟਾ ਸਿੰਘ ਚਾਂਦਪੁਰਾ, ਮਹਿਕਪ੍ਰੀਤ ਸਿੰਘ ਚਾਂਦਪੁਰਾ, ਸਾਉਣ ਸਿੰਘ ਚਾਂਦਪੁਰਾ, ਗੁਰਜੰਟ ਸਿੰਘ ਚਾਂਦਪੁਰਾ, ਬੂਟਾ ਸਿੰਘ ਹੀਰੇਵਾਲਾ, ਅਤਰ ਸਿੰਘ ਚਾਂਦਪੁਰਾ, ਜਗਸੀਰ ਸਿੰਘ ਚਾਂਦਪੁਰਾ, ਸਤਪਾਲ ਸਿੰਘ ਚੇਅਰਮੈਨ ਚਾਂਦਪੁਰਾ ਵੀ ਹਾਜ਼ਰ ਸਨ।

### ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਨੇਤਾਵਾਂ ਵੱਲੋਂ

# ਸ੍ਰ ਈਮਾਨ ਸਿੰਘ ਮਾਨ ਨੂੰ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਐਲਾਨਣ ਦੀ ਉੱਠੀ ਮੰਗ



**ਅੰਮ੍ਰਿਤਸਰ, 2 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-**ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਦੋਨੋ ਕੌਮੀ ਜਰਨਲ ਸਕੱਤਰ ਸ੍ਰ ਹਰਪਾਲ ਸਿੰਘ ਜੀ ਬਲੇਰ ਅਤੇ ਸ੍ਰ ਉਪਕਾਰ ਸਿੰਘ ਜੀ ਸੰਧੂ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇ-ਨਜ਼ਰ ਇਕ ਪ੍ਰੈਸ ਕਾਨਫਰੰਸ ਬੁਲਾਈ ਗਈ ਅਤੇ ਉਹਨਾਂ ਦੇ ਨਾਲ ਸ੍ਰ ਜਸਬੀਰ ਸਿੰਘ ਜੀ ਬਚੜੇ ਜਥੇਬੰਦਕ ਸਕੱਤਰ ਮਾਝਾ ਜੋਨ, ਸ੍ਰ ਅਮਰੀਕ ਸਿੰਘ ਜੀ ਨੰਗਲ ਜਥੇਬੰਦਕ ਸਕੱਤਰ ਮਾਝਾ ਜੋਨ, ਭਾਈ ਬਲਵੰਤ ਸਿੰਘ ਜੀ ਗੋਪਾਲਾ, ਸ੍ਰ ਸ਼ਮਸ਼ੇਰ ਸਿੰਘ ਜੀ ਬਰਾੜ ਜਿਲਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ ਅਤੇ ਸ੍ਰ ਦਵਿੰਦਰ ਸਿੰਘ ਜੀ ਫ਼ਤਾਹਪੁਰ ਪ੍ਰਧਾਨ ਅੰਮ੍ਰਿਤਸਰ ਸ਼ਹਿਰੀ ਵੀ ਮੌਜੂਦ ਸਨ। ਇਸ ਪ੍ਰੈਸ ਵਾਰਤਾ ਦੌਰਾਨ ਸ੍ਰ ਸੰਧੂ ਅਤੇ ਸ੍ਰ ਬਲੇਰ ਨੇ ਸਾਂਝੇ ਤੌਰ ਤੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਲੋਕ ਸਭਾ ਚੋਣਾਂ ਦਾ ਬਿਗਲ ਵਜਦਿਆਂ ਹੀ ਜਿਸ ਪ੍ਰਕਾਰ ਲੀਡਰਾਂ ਦਾ ਆਪਣੇਂ ਸਵਾਰਥਾਂ ਨੂੰ ਮੁੱਖ ਰੱਖਦਿਆਂ ਹੋਇਆ ਇਕ ਤੋਂ ਦੂਸਰੀਆਂ ਪਾਰਟੀਆਂ ਵਿੱਚ ਚਲੇ ਜਾਣ ਦਾ ਸਿਲਸਿਲਾ ਸ਼ੁਰੂ ਹੋਇਆ ਹੈ, ਇਸ ਨਾਲ ਕਿਤੇ ਨਾਂ ਕਿਤੇ ਹਰੇਕ ਪਾਰਟੀ ਨਾਲ ਮੂਲ ਰੂਪ ਵਿੱਚ ਜੁੜੇ ਵਰਕਰਾਂ ਅਤੇ ਆਸਾਂ ਉਮੀਦਾਂ ਲਗਾ ਕੇ ਬੈਠੀ ਜਨਤਾ ਦੇ ਦਿਲ ਤੇ ਵੀ ਗਹਿਰੀ ਚੋਟ ਲਗਦੀ ਹੈ। ਉਸੇ ਪ੍ਰਕਾਰ ਹੀ ਇਸ ਵਾਰ ਸਿੱਖ ਕੌਮ ਨੂੰ ਵੀ ਆਪਣਾਂ ਸਿਰ ਨੀਵਾਂ ਹੁੰਦਾ ਨਜ਼ਰ ਆ ਰਿਹਾ ਜਦੋਂ ਇਕ ਸਿੱਖ ਸਿਆਸਤ ਦੇ ਬੋਹੜ ਕਹੇ ਜਾਣ ਵਾਲੇ ਅਤੇ ਸਿੱਖ ਕੌਮ ਵਿੱਚ ਇਕ ਵੱਖਰਾ ਮੁਕਾਮ ਰੱਖਣ ਵਾਲੇ ਸ੍ਰ ਤੇਜਾ ਸਿੰਘ ਸਮੁੰਦਰੀ ਜੀ ਦੇ ਪੋਤਰੇ ਸ੍ਰ ਤਰਨਜੀਤ ਸਿੰਘ ਸੰਧੂ ਨੂੰ ਸਿੱਖਾਂ ਵਿਰੁੱਧ ਜਹਿਰ ਉਗਲਣ ਵਾਲੇ ਹਰਬੰਸ ਲਾਲ ਖੰਨਾ ਵਰਗਿਆਂ ਦੀ ਇਕ ਸਿੱਖ ਸੋਚ ਵਿਰੋਧੀ ਪਾਰਟੀ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਸ੍ਰ ਸੰਧੂ ਅਤੇ ਸ੍ਰ ਬਲੇਰ ਨੇ ਅਤਿਅੰਤ ਦੁਖੀ ਹਿਰਦੇ ਨਾਲ ਬਿਆਨ ਕੀਤਾ ਤੇ ਕਿਹਾ ਕਿ ਕਿੱਥੇ ਸ੍ਰ ਤੇਜਾ ਸਿੰਘ ਸਮੁੰਦਰੀ ਜੀ ਨੇ ਮੌਕੇ ਦੀਆਂ ਹਕੂਮਤਾਂ ਨਾਲ ਮੱਥਾ ਲਾਕੇ ਸਿੱਖ ਗੁਰਦੁਆਰਾ ਐਕਟ ਲਈ ਜੈਤੋ ਦੇ ਮੋਰਚੇ ਚ' ਅਤੇ ਉਸਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਲੈਣ ਲਈ ਲੱਗੇ ਮੋਰਚੇ ਵਿੱਚ ਮੂਹਰੇ ਹੋਕੇ ਗ੍ਰਿਫਤਾਰੀਆਂ ਦਿੱਤੀਆਂ ਤੇ ਕੌਮੀ ਅਕੀਦਿਆਂ ਤੇ ਚਲਦਿਆਂ ਹਿਰਾਸਤ ਅੰਦਰ ਹੀ ਦਮ ਤੋੜਿਆ ਪਰ ਆਪਣਾਂ ਸਿੱਦਕ ਨਾ ਟੁੱਟਣ ਦਿੱਤਾ, ਪਰੰਤੂ ਅੱਜ ਉਹਨਾਂ ਦੇ ਹੀ ਪੋਤਰੇ ਸ੍ਰ ਤਰਨਜੀਤ ਸਿੰਘ ਸੰਧੂ ਨੇ ਰਾਜਸੀ ਤਾਕਤਾਂ ਭੋਗਣ ਦੇ ਲਾਲਚ ਵਿੱਚ ਸਿੱਖਾਂ ਦੀ ਸਭ ਤੋਂ ਵੱਡੀ ਦੁਸ਼ਮਣ ਜਮਾਤ ਆਰ ਐਸ ਐਸ ਦੀ ਸ਼ਾਖਾ ਭਾਜਪਾ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਵੱਜੋਂ ਚੋਣ ਮੈਦਾਨ ਵਿੱਚ ਉੱਤਰ ਕੇ ਆਪਣੇ ਦਾਦੇ ਦੀਆਂ ਕੁਰਬਾਨੀਆਂ ਦਰਕਿਨਾਰ ਕਰਕੇ ਸਿੱਖ ਕੌਮ ਨੂੰ ਪਿੱਠ ਵਿਖਾਈ ਹੈ। ਜਿਸਨੂੰ ਸਿੱਖ ਕੌਮ ਕਦੀ ਵੀ ਮੁਆਫ ਨਹੀਂ ਕਰੇਗੀ ਅਤੇ ਇਹ ਇਤਿਹਾਸ ਦੇ ਪੰਨਿਆਂ ਤੇ ਕਾਲੇ ਅੱਖਰਾਂ ਨਾਲ ਲਿਖਿਆ ਜਾਵੇਗਾ। ਇਸ ਮੌਕੇ ਤੇ ਉਕਤ ਨੇਤਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਅੰਮ੍ਰਿਤਸਰ ਤੋਂ ਲੋਕ ਸਭਾ ਲਈ ਚੋਣ ਮੈਦਾਨ ਵਿੱਚ ਸੰਭਾਵੀ ਤੌਰ ਤੇ ਉਤਾਰੇ ਜਾਣ ਵਾਲੇ ਇਕ ਗੈਰ-ਸਿੱਖ ਚਿਹਰੇ ਤੇ ਵੀ ਇਤਰਾਜ਼ ਜਤਾਇਆ ਅਤੇ ਕਿਹਾ ਕਿ ਸਾਨੂੰ ਜਾਂ ਸਾਡੀ ਪਾਰਟੀ ਨੂੰ ਧਾਰਮਿਕ ਵਿਲੱਖਣਤਾ ਤੋਂ ਕੋਈ ਦਿੱਕਤ ਨਹੀਂ ਹੈ ਅਤੇ ਅਸੀਂ ਹਰ ਧਰਮ ਦਾ ਦਿਲੋਂ ਸਤਿਕਾਰ ਕਰਦੇ ਹਾਂ ਪ੍ਰੰਤੂ ਆਪਣੇਂ ਆਪ ਵਿੱਚ ਪੰਥਕ ਹੋਣ ਦੇ ਦਾਅਵੇ ਕਰਨ ਵਾਲੀ ਤੇ ਸਿੱਖ ਕੌਮ ਦੇ ਹਿੱਤਾਂ ਲਈ ਮੂਹਰੇ ਹੋਕੇ ਹਿੱਕਾਂ ਡਾਹੁਣ ਦੀਆਂ ਫੋਕੀਆਂ ਤਾਦੀਆਂ ਭਰਨ ਵਾਲੀ ਪਾਰਟੀ ਵੱਲੋਂ ਜਦੋਂ ਇਕ ਗੈਰ-ਸਿੱਖ ਚਿਹਰਾ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਚੋਣ ਮੈਦਾਨ ਵਿੱਚ ਉਤਾਰੇਗੀ ਤਾਂ ਕਿੰਤੂਆਂ ਪ੍ਰੰਤੂਆਂ ਤੇ ਵਿਰਾਮ ਲਗਾਉਣਾਂ ਮੁਸ਼ਿਕਲ ਹੋ ਜਾਵੇਗਾ ਹੈ। ਉਹਨਾਂ ਕਿਹਾ ਕਿ ਇਹ ਵੀ ਗੌਰਤਲਬ ਹੈ ਕਿ ਅਕਾਲੀ ਦਲ ਬਾਦਲ ਨੇ ਇਹ ਕੰਡੇ ਸਿੱਖਾਂ ਵਾਸਤੇ 25 ਸਾਲ ਪਹਿਲਾਂ ਤੋਂ ਹੀ ਬੀਜ ਦਿੱਤੇ ਸਨ। ਜਿਸ ਵਿੱਚ ਸਿਆਸੀ ਜੋੜ ਤੋੜ ਕਰਦਿਆਂ ਬਾਦਲ ਦਲ ਵੱਲੋਂ ਅੰਮ੍ਰਿਤਸਰ ਲੋਕ ਸਭਾ ਦੀ ਉਮੀਦਵਾਰੀ ਅਤੇ ਸ਼ਹਿਰ ਦੇ ਪੰਜ ਵਿਧਾਨ ਸਭਾ ਹਲਕਿਆਂ ਚੋਂ ਚਾਰ ਹਲਕਿਆਂ ਨੂੰ ਸਿੱਖ ਵਿਰੋਧੀ ਪਾਰਟੀ ਬੀ ਜੇ ਪੀ ਨੂੰ ਸੋਂਪ ਦਿੱਤਾ ਸੀ, ਇੰਨਾ ਹੀ ਨਹੀਂ ਮਿਉਂਸੀਪਲ ਕਾਰਪੋਰੇਸ਼ਨ ਦੇ ਹਾਊਸ ਵਿੱਚ ਅਕਾਲੀ ਪਾਰਟੀ ਦੇ ਕੌਂਸਲਰਾਂ ਦੀ ਗਿਣਤੀ ਵੱਧ ਹੋਣ ਦੇ ਬਾਵਜੂਦ ਵੀ ਅੰਮ੍ਰਿਤਸਰ ਸ਼ਹਿਰ ਦੇ ਮੇਅਰ ਦੀ ਅਤੇ ਇੰਪੂਰਵਮੈਂਟ ਟਰੱਸਟ ਦੇ ਚੇਅਰਮੈਨ ਦੀ ਪੱਦਵੀ ਵੀ ਬੀ ਜੇ ਪੀ ਨੂੰ ਹੀ ਪਰੋਸੀ ਜਾਂਦੀ ਰਹੀ ਜੋ ਕਿਸੇ ਸੂਰਤ ਵੀ ਗਵਾਰਾ ਨਹੀ ਸੀ। ਇਸ ਲਈ ਅਸੀਂ ਸਮੁੱਚੇ ਪੰਜਾਬ ਦੇ ਸੂਝਵਾਨ ਵੋਟਰਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੀਂ ਜ਼ਮੀਰ ਦੀ ਅਵਾਜ਼ ਮੁਤਾਬਿਕ ਹੀ ਵੋਟਾਂ ਪਾਉਣ। ਸ੍ਰ ਸੰਧੂ ਅਤੇ ਸ੍ਰ ਬਲੇਰ ਨੇ ਕਾਂਗਰਸ ਦੇ ਵੀ ਸੰਭਾਵੀ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਕਟਾਕਸ਼ ਕਰਦਿਆ ਕਿਹਾ ਕਿ ਕਾਂਗਰਸ ਨੇ ਤਾਂ ਮੁੱਢ ਕਦੀਮ ਤੋਂ ਹੀ ਸਿੱਖਾਂ ਨਾਲ ਕੱਟੜ ਵਿਰੋਧਤਾ ਦਰਜ ਕਰਵਾਈ ਹੈ ਅਤੇ ਆਮ ਆਦਮੀ ਪਾਰਟੀ ਦੀ ਤਾਂ ਪੁੱਠ ਸਿੱਧ ਦਾ ਵਿਸਥਾਰ ਕਰਨਾਂ ਹੀ ਬਹੁਤ ਮੁਸ਼ਿਕਲ ਹੋ ਗਿਆ ਹੈ ਕਿਉਂਕਿ ਆਮ ਆਦਮੀ ਪਾਰਟੀ ਵੀ ਹੁਣ ਕਾਂਗਰਸ ਵੱਲੋਂ ਪਾਏ ਸਿੱਖ ਸੋਚ ਵਿਰੋਧੀ ਪੂਰਨਿਆਂ ਤੇ ਚਲਦਿਆਂ ਸਿਰਫ ਸਿੱਖਾਂ ਦੀਆਂ ਹੀ ਨਹੀ ਸਗੋਂ ਸਮੁੱਚੇ ਪੰਜਾਬ ਤੇ ਪੰਜਾਬੀਆਂ ਦੀਆਂ ਜੜਾਂ ਨੂੰ ਖੋਖਲਾ ਕਰਨ ਦਾ ਤਹੱਈਆ ਕਰੀ ਬੈਠੀ ਹੈ। ਇਸ ਕਰਕੇ ਇਹਨਾਂ ਦੋਵਾਂ ਪਾਰਟੀਆਂ ਵੱਲੋਂ ਉਤਾਰੇ ਗਏ ਜਾਂ ਉਤਾਰਨ ਵਾਲੇ ਉਮੀਦਵਾਰ ਵੀ ਪੰਜਾਬ ਲਈ ਤੇ ਖ਼ਾਸਕਰ ਸਿੱਖਾਂ ਲਈ ਉਸਾਰੂ ਸੋਚ ਵਾਲੇ ਹੋਣਗੇ ਇਸ ਦੀ ਆਸ ਕਰਨਾਂ ਵੀ ਮੁਮਕਿਨ ਨਹੀਂ ਹੈ। ਸੋ ਇਹਨਾਂ ਸਾਰੇ ਹੀ ਪਿਛੋਕੜ ਤੇ ਮੌਜੂਦਾ ਬਿਰਤਾਂਤਾਂ ਦੇ ਮੱਦੇ-ਨਜ਼ਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਦੋਨੋ ਸੀਨੀਅਰ ਨੇਤਾਵਾਂ ਸ੍ਰ ਹਰਪਾਲ ਸਿੰਘ ਬਲੇਰ ਅਤੇ ਸ੍ਰ ਉਪਕਾਰ ਸਿੰਘ ਸੰਧੂ ਨੇ ਆਪਸੀ ਰਾਏ ਮਸ਼ਵਰੇ ਤੋਂ ਬਾਅਦ ਪਾਰਟੀ ਪ੍ਰਧਾਨ ਸ੍ਰ ਸਿਮਰਨਜੀਤ ਸਿੰਘ ਮਾਨ ਅੱਗੇ ਪੰਜਾਬ ਵਿੱਚ ਉਸਰੇ ਪੰਥਕ ਹਲਾਤਾਂ ਦੇ ਮੁਤਾਬਿਕ ਸ੍ਰ ਈਮਾਨ ਸਿੰਘ ਜੀ ਮਾਨ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਐਲਾਨਣ ਦੀ ਮੰਗ ਉਠਾਈ ਹੈ ਅਤੇ ਉਹਨਾਂ ਕਿਹਾ ਕਿ ਇਹ ਮੰਗ ਪੀ ਏ ਸੀ ਦੇ ਮੈਂਬਰਾਂ ਅੱਗੇ ਵੀ ਰੱਖੀ ਗਈ ਹੈ, ਤਾਂ ਜੋ ਸਿੱਖ ਕੌਮ ਦੇ ਮੁੱਢ ਵੱਜੋਂ ਜਾਣੇ ਜਾਂਦੇ ਜਿਲਾ ਅੰਮ੍ਰਿਤਸਰ ਤੋਂ ਇਕ ਪੰਥਕ ਉਮੀਦਵਾਰ ਜਿੱਤਕੇ ਪਾਰਲੀਮੈਂਟ ਵਿੱਚ ਪਹੁੰਚੇ।

**ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਦਾ ਇਕ ਸਿੱਖ ਵਿਰੋਧੀ ਪਾਰਟੀ ਤਰਫੋਂ ਚੋਣ ਮੈਦਾਨ 'ਚ ਉਤਰਨਾਂ ਆਪਣੇ ਦਾਦੇ ਦੀਆਂ ਕੁਰਬਾਨੀਆਂ ਨੂੰ ਮਿੱਟੀ ਚ' ਰੋਲਣ ਦੇ ਸਮਾਨ : ਹਰਪਾਲ ਸਿੰਘ ਬਲੇਰ, ਉਪਕਾਰ ਸਿੰਘ ਸੰਧੂ**

# ਗੁਰੂ ਕਾਸ਼ੀ ਯੂਨੀਵਰਸਿਟੀ ਦੇ ਖੋਜੀ ਵੱਲੋਂ ਹੱਡੀਆਂ ਦੇ ਜੋੜ ਲਈ "ਬਾਇਓਡੀਗ੍ਰੇਡੇਬਲ ਇਮਪਲਾਂਟ" ਦੀ ਵਰਤੋਂ, ਵੱਡੀ ਸਫ਼ਲਤਾ



**ਤਲਵੰਡੀ ਸਾਬੋ, 02 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)-** ਹਰ ਸਾਲ ਹਾਦਸਿਆਂ, ਸੜਕ ਦੁਰਘਟਨਾਵਾਂ ਅਤੇ ਉਮਰ ਨਾਲ ਹੱਡੀਆਂ ਦੇ ਟੁੱਟਣ ਜਾਂ ਕਮਜੋਰ ਹੋਣ ਕਾਰਨ ਵਿਸ਼ਵ ਪੱਧਰ 'ਤੇ ਲੋਕਾਂ ਨੂੰ ਸਰਜਰੀ ਦਾ ਸਹਾਰਾ ਲੈਣਾ ਪੈਂਦਾ ਹੈ। ਜਿਸ ਲਈ ਹੱਡੀਆਂ ਦੇ ਮਾਹਿਰ ਡਾਕਟਰਾਂ ਵੱਲੋਂ ਹੱਡੀਆਂ ਜੋੜਨ ਵਾਸਤੇ ਸਟੇਨਲੈਸ ਸਟੀਲ ਅਤੇ ਕ੍ਰੋਮ ਕੋਬਾਲਟ ਮਿਸ਼ਰਤ ਧਾਤੂ ਤੋਂ ਬਣੇ ਇਮਪਲਾਂਟ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਕੁਝ ਸਮੇਂ ਬਾਅਦ ਜਾਂ ਕਈ ਕੇਸਾਂ ਵਿੱਚ ਮਨੁੱਖੀ ਸ਼ਰੀਰ ਇਨ੍ਹਾਂ ਬਾਹਰੀ ਧਾਤੂਆਂ ਨੂੰ ਸਵੀਕਾਰ ਨਹੀਂ ਕਰਦਾ ਤੇ ਹੱਡੀਆਂ ਜੁੜਨ ਤੋਂ ਬਾਦ ਇਸ ਨੂੰ ਬਾਹਰ ਕੱਢਣਾ ਪੈਂਦਾ ਹੈ। ਜਿਸ ਕਾਰਨ ਮਰੀਜਾਂ ਨੂੰ ਬਹੁਤ ਜਿਆਦਾ ਆਰਥਿਕ ਨੁਕਸਾਨ ਅਤੇ ਸਰੀਰਿਕ ਦਰਦ ਝੱਲਣਾ ਪੈਂਦਾ ਹੈ। ਮਰੀਜ਼ਾਂ ਨੂੰ ਇਸ ਤੋਂ ਨਿਜਾਤ ਦਿਵਾਉਣ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਖੋਜੀ ਵਿਗਿਆਨੀ ਡਾ. ਨਵਦੀਪ ਸਿੰਘ ਵੱਲੋਂ ਮੈਗਨੀਸ਼ਿਅਮ ਆਧਾਰਿਤ ਬਾਇਓਡੀਗ੍ਰੇਡੇਬਲ ਇਮਪਲਾਂਟ ਵਿਕਸਿਤ ਕਰ ਲਿਆ ਗਿਆ ਹੈ ਅਤੇ ਹੁਣ ਇਸ ਦੇ ਵਿਕਾਸ ਤੇ ਖੋਜ ਕਾਰਜ ਜਾਰੀ ਹਨ। ਡਾ. ਨਵਦੀਪ ਸਿੰਘ ਦੀ ਇਸ ਖੋਜ ਤੇ ਵਧਾਈ ਦਿੰਦਿਆਂ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਨੇ ਕਿਹਾ ਕਿ ਜੀ.ਕੇ.ਯੂ ਅਕਾਦਮਿਕ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਮੋਹਰੀ ਯੂਨੀਵਰਸਿਟੀ ਬਣੀ ਹੈ, ਇਸ ਰਫ਼ਤਾਰ ਨੂੰ ਕਾਇਮ ਰੱਖਦੇ ਹੋਏ ਹੁਣ 'ਵਰਸਿਟੀ ਦੇ ਇਸ ਖੋਜੀ ਨੇ ਜੀ.ਕੇ.ਯੂ ਦਾ ਨਾਮ ਖੋਜ ਦੇ ਖੇਤਰ ਵਿੱਚ ਵੀ ਉੱਚਾ ਕੀਤਾ ਹੈ। ਉਨ੍ਹਾਂ ਇਸ ਪ੍ਰਾਪਤੀ ਤੇ ਸਮੂਹ ਜੀ.ਕੇ.ਯੂ ਪਰਿਵਾਰ ਨੂੰ ਸ਼ੁਭ ਕਾਮਨਾਵਾਂ ਭੇਂਟ ਕੀਤੀਆਂ ਉਪ ਕੁਲਪਤੀ ਪ੍ਰੋ. (ਡਾ.) ਐਸ.ਕੇ. ਬਾਵਾ ਨੇ ਕਿਹਾ ਕਿ ਸੰਸਾਰਿਕ ਪੱਧਰ 'ਤੇ ਆ ਰਹੇ ਬਦਲਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਵਰਸਿਟੀ ਦੇ ਖੋਜੀਆਂ ਅਤੇ ਪਾੜ੍ਹਿਆਂ ਵੱਲੋਂ ਸਮਾਜ ਭਲਾਈ ਅਤੇ ਸਰਬੱਤ ਦੇ ਭਲੇ ਲਈ ਵੱਖ-ਵੱਖ ਖੇਤਰਾਂ ਵਿੱਚ ਖੋਜ ਕਾਰਜ ਕੀਤੇ ਜਾ ਰਹੇ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਲੋਕਾਈ ਦੀ ਖੁਸ਼ਹਾਲੀ ਲਈ ਜੀ.ਕੇ.ਯੂ ਵਿਗਿਆਨੀਆਂ ਨੂੰ ਹੋਰ ਖੋਜਾਂ ਲਈ ਪ੍ਰੋਤਸਾਹਿਤ ਕਰੇਗੀ ਅਤੇ ਉਹ ਹਮੇਸ਼ਾ ਸਹਿਯੋਗ ਲਈ ਤੱਤਪਰ ਹੈ। ਡਾ. ਨਵਦੀਪ ਸਿੰਘ ਨੇ ਖੋਜ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੱਡੀਆਂ ਜੋੜਨ ਵਾਸਤੇ ਇਹ ਮੈਗਨਿਸ਼ੀਅਮ ਆਧਾਰਿਤ ਇਮਪਲਾਂਟ ਮਨੁੱਖੀ ਸਰੀਰ ਵਿੱਚ ਆਪਣੇ ਆਪ ਘੁੱਲ ਕੇ ਹੱਡੀਆਂ ਵਿੱਚ ਰੱਚ ਜਾਵੇਗਾ। ਜਿਸ ਨਾਲ ਮਰੀਜ਼ ਨੂੰ ਸਰੀਰਿਕ ਬੇਅਰਾਮੀ, ਵਿੱਤੀ ਨੁਕਸਾਨ, ਡਾਕਟਰੀ ਖਰਚੇ ਅਤੇ ਵਾਧੂ ਦੇਖਭਾਲ ਆਦਿ ਤੋਂ ਮੁਕਤੀ ਮਿਲੇਗੀ। ਉਨ੍ਹਾਂ ਦੱਸਿਆ ਕਿ ਖੋਜ ਨੂੰ ਲੈਬ ਟੈਸਟ ਵਿੱਚ ਸ਼ਾਨਦਾਰ ਹਾਂ ਪੱਖੀ ਨਤੀਜੇ ਮਿਲਣ ਕਾਰਨ ਕਲੀਨਿਕਲ ਅਜ਼ਮਾਇਸ਼ ਲਈ ਮਨਜ਼ੂਰੀ ਮਿਲ ਗਈ ਹੈ। ਜੇਕਰ ਇਹ ਤਜ਼ੁਰਬਾ ਸਫ਼ਲ ਰਿਹਾ ਤਾਂ ਹੱਡੀਆਂ ਜੋੜਨ ਦੇ ਆਪਰੇਸ਼ਨ ਵਿੱਚ ਸ਼ਾਨਦਾਰ ਕ੍ਰਾਂਤੀ ਵੇਖਣ ਨੂੰ ਮਿਲ ਸਕਦੀ ਹੈ। ਉਨ੍ਹਾਂ ਇਸ ਸਫ਼ਲਤਾ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਪ੍ਰਬੰਧਕਾਂ, ਉਪ ਕੁਲਪਤੀ ਅਤੇ ਸਮੂਹ ਟੀਮ ਦਾ ਸਹਿਯੋਗ ਲਈ ਧੰਨਵਾਦ ਕੀਤਾ।

# ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ - ਹੈੱਡ ਟੀਚਰ ਮੈਡਮ ਸੀਮਾ ਰਾਣੀ

## ਸਮੂਹ ਸਕੂਲ ਸਟਾਫ਼ ਨੇ ਬੱਚਿਆਂ ਨੂੰ ਅੱਗੇ ਵਧਣ ਲਈ ਦਿੱਤੀਆਂ ਮੁਬਾਰਕਾਂ



**ਹਠੂਰ/ ਜਗਰਾਉਂ -(ਵਰਿਆਮ ਹਠੂਰ)** ਇਤਿਹਾਸਕ ਕਸਬਾ ਹਠੂਰ ਦੇ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਹੈੱਡ ਟੀਚਰ ਮੈਡਮ ਸੀਮਾ ਰਾਣੀ ਦੀ ਦੇਖ ਰੇਖ ਵਿੱਚ ਸਲਾਨਾ ਨਤੀਜਾ ਐਲਾਨਿਆ ਗਿਆ, ਇਹ ਮੌਕੇ ਸਕੂਲ ਦੇ ਬੱਚੇ ਅਤੇ ਬੱਚਿਆਂ ਦੇ ਮਾਪਿਆਂ ਨੇ ਖ਼ਾਸ ਤੌਰ ਤੇ ਸਕੂਲ ਵਿੱਚ ਪਹੁੰਚ ਕੇ ਸਕੂਲ ਸਟਾਫ਼ ਨਾਲ ਮਿਲਣੀ ਕੀਤੀ, ਪ੍ਰੈੱਸ ਨਾਲ ਗੱਲਬਾਤ ਕਰਦਿਆਂ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਸੱਤਿਆ ਐਲੀਮੈਂਟਰੀ ਸਕੂਲ ਹਠੂਰ ਦਾ ਨਤੀਜਾ ਸ਼ਾਨਦਾਰ ਰਿਹਾ, ਸਾਡੇ ਸਮੂਹ ਸਕੂਲ ਸਟਾਫ਼ ਦੀ ਇਹੋ ਕੋਸ਼ਿਸ਼ ਹੁੰਦੀ ਹੈ ਕਿ ਬੱਚਿਆਂ ਨੂੰ ਚੰਗੀ ਵਿੱਦਿਆ ਹਾਸਲ ਕਰਵਾਈ ਜਾਵੀ, ਤੇ ਸਮੂਹ ਸਕੂਲ ਸਟਾਫ਼ ਲਗਾਤਾਰ ਸਖ਼ਤ ਮਿਹਨਤ ਕਰਦਾ ਹੈ ਤੇ ਬੱਚਿਆਂ ਨੂੰ ਸਕੂਲ ਵਿੱਚ ਵਿੱਦਿਆ ਦੇ ਨਾਲ ਨਾਲ ਅੱਛੇ ਸੰਸਕਾਰ ਵੀ ਮਿਲਦੇ ਹਨ। ਸਕੂਲ ਵਿੱਚ ਬੱਚਿਆਂ ਤੋਂ ਕਿਸੇ ਵੀ ਕਿਸਮ ਦੀ ਫ਼ੀਸ ਨਹੀਂ ਲਈ ਜਾਂਦੀ ਬੱਚੇ ਮੁਫ਼ਤ ਵਿੱਚ ਵਿੱਦਿਆ ਹਾਸਲ ਕਰਦੇ ਹਨ। ਤੇ ਸਕੂਲ ਵੱਲੋਂ ਬੱਚਿਆਂ ਨੂੰ ਮੁਫ਼ਤ ਵਰਦੀਆਂ, ਬੂਟ, ਕਾਪੀਆਂ ਪੈਨਸ਼ਨਾਂ, ਪੈੱਨ ਅਤੇ ਖਾਣੇ ਦੀ ਸਹੂਲਤ ਦੇ ਨਾਲ ਨਾਲ ਕੰਪਿਊਟਰ ਸਿੱਖਿਆ, ਡਿਜੀਟਲ ਕਲਾਸ ਰੂਮ, ਸਾਇੰਸ ਲੈਬ, ਮੈਥ ਲੈਬ, ਲਾਇਬ੍ਰੇਰੀ, ਫਿਲਟਰ ਪਾਣੀ ਦੀ ਸਹੂਲਤ ਸਮੇਤ ਹੋਰ ਕਈ ਸਹੂਲਤਾਂ ਹਨ। ਤੇ ਇਸ ਤੋਂ ਇਲਾਵਾ ਬੱਚਿਆਂ ਨੂੰ ਖੇਡਾਂ ਨਾਲ ਵੀ ਜੋੜਿਆ ਜਾਂਦਾ ਹੈ ਤੇ ਸਮੇਂ ਸਮੇਂ ਤੇ ਸਕੂਲ ਵਿੱਚ ਵਿੱਦਿਆ ਸਬੰਧੀ ਕੰਪੀਟੀਸ਼ਨ, ਅਤੇ ਖੇਡ ਕੰਪੀਟੀਸ਼ਨ, ਸਮੇਤ ਹੋਰ ਗਤੀਵਿਧੀਆਂ ਸਮੂਹ ਸਕੂਲ ਸਟਾਫ਼ ਦੀ ਨਿਗਰਾਨੀ ਹੇਠ ਕਰਵਾਈਆਂ ਜਾਂਦੀਆਂ ਹਨ। ਖ਼ਾਸ ਗੱਲ ਇਹ ਹੈ ਕਿ ਸਮੂਹ ਸਕੂਲ ਸਟਾਫ਼ ਅਤੇ ਬੱਚੇ ਕੈਮਰੇ ਦੀ ਨਿਗਰਾਨੀ ਹੇਠ ਹੁੰਦੇ ਹਨ। ਅੰਤ ਵਿੱਚ ਹੈੱਡ ਟੀਚਰ ਮੈਡਮ ਸੀਮਾ ਰਾਣੀ ਨੇ ਕਿਹਾ ਕਿ ਆਪਣੇ ਬੱਚਿਆਂ ਨੂੰ ਸੱਤਿਆ ਐਲੀਮੈਂਟਰੀ ਸਕੂਲ ਵਿੱਚ ਦਾਖਲ ਕਰਵਾਉਣ ਲਈ ਇੱਕ ਵਾਰ ਸਕੂਲ ਵਿੱਚ ਸਟਾਫ਼ ਨੂੰ ਮਿਲ ਕੇ ਆਪਣੇ ਬੱਚਿਆਂ ਦਾ ਸਕੂਲ ਵਿੱਚ ਦਾਖਲਾ ਕਰਵਾਓ, ਇਸ ਮੌਕੇ ਹੈੱਡ ਟੀਚਰ ਮੈਡਮ ਸੀਮਾ ਰਾਣੀ ਅਤੇ ਸਮੂਹ ਸਕੂਲ ਸਟਾਫ਼ ਨੇ ਬੱਚਿਆਂ ਨੂੰ ਅੱਗੇ ਵਧਣ ਲਈ ਮੁਬਾਰਕਬਾਦ ਦਿੱਤੀ, ਇਸ ਮੌਕੇ ਹੈੱਡ ਟੀਚਰ ਮੈਡਮ ਸੀਮਾ ਰਾਣੀ, ਮੈਡਮ ਮੋਨਿਕਾ ਜੈਨ, ਰਾਜਵੰਤ ਕੌਰ, ਕਰਮਜੀਤ ਕੌਰ, ਮਨਪ੍ਰੀਤ ਕੌਰ, ਅਨੂ ਰਾਣੀ, ਗੁਰਪ੍ਰੀਤ ਕੌਰ, ਜਸਪ੍ਰੀਤ ਕੌਰ, ਗੁਰਜੀਤ ਕੌਰ ਸਮੇਤ ਬੱਚੇ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।



ਗੁਰਦੁਆਰਾ ਨਾਨਕਸਰ ਸਾਹਿਬ ਵਿਖੇ 56 ਦਿਨਾਂ ਜਪੁ ਤਪ ਤੇ ਦੁਖ ਨਿਵਾਰਨ ਕੈਂਪ ਸਮਾਗਮ ਦੀ ਹੋਈ ਸਮਾਪਤੀ ਵਿਸ਼ੇਸ਼ ਤੌਰ 'ਤੇ

# ਬੇਬੇ ਨਾਨਕੀ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ : ਬਾਬਾ ਬਿਬੇਕ ਸਿੰਘ



**ਜੰਡਿਆਲਾ ਗੁਰੂ, 2 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ)** -ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਿਖੇ ਗੁਰਦੁਆਰਾ ਸਾਹਿਬ ਜੀ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਵੱਲੋਂ ਬੇਬੇ ਨਾਨਕੀ ਜੀ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਤੇ ਸਰਬੱਤ ਦੇ ਭਲੇ ਲਈ 5 ਵਾਂ ਅਤੇ 56 ਦਿਨਾਂ ਦਾ ਮਹਾਨ ਜਪੁ ਤਪ ਅਰਦਾਸ ਸਮਾਗਮ ਅਤੇ ਦੁਖ ਨਿਵਾਰਨ ਕੈਂਪ 5 ਫਰਵਰੀ ਤੋਂ ਆਰੰਭ ਕੀਤਾ ਗਿਆ ਸੀ ਜਿਸ ਦੀ ਸਮਾਪਤੀ ਨੂੰ ਸਮਰਪਿਤ ਅੱਜ 2 ਅਪ੍ਰੈਲ ਨੂੰ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਤੋਂ ਉਪਰੰਤ ਕੀਰਤਨ ਦਰਬਾਰ ਸਜਾਏ ਗਏ ਜਿਸ ਵਿੱਚ ਗੁਰੂ ਘਰ ਦੇ ਕੀਰਤਨੀਏ ਹਜ਼ੂਰੀ ਰਾਗੀ ਮਹੰਤ ਕੁਲਦੀਪ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਰਾਗੀ ਚੱਕਰ ਸਿੰਘ ਨਾਨਕਸਰ ਕਲੋਲਾਂ ਭਾਈ ਮਨਜਿੰਦਰ ਸਿੰਘ ਜੀ ਖਾਸਾ ਵਾਲੇ ਅਤੇ ਭਾਈ ਗੁਰਮੀਤ ਸਿੰਘ ਜੀ ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਜਥਿਆਂ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੇ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਾ ਕੀਤਾ ਅਤੇ 56 ਦਿਨਾਂ ਦੇ ਜਪੁ ਤਪ ਸਮਾਗਮ ਦੀ ਸਮਾਪਤੀ ਮੌਕੇ ਬਾਬਾ ਬਿਬੇਕ ਸਿੰਘ ਜੀ ਨੂੰ ਆਈਆਂ ਸੰਗਤਾਂ ਵੱਲੋਂ ਸਿਰਪਾਓ ਪਾ ਕਿ,ਹਾਰ ਪਾ ਕਿ ਅਤੇ ਫੁੱਲਾਂ ਦੀ ਵਰਖਾ ਕਰਕੇ ਸਤਿਕਾਰ ਬਖਸ਼ਿਆ ਗਿਆ ਇਸ ਮੌਕੇ ਬਾਬਾ ਬਿਬੇਕ ਸਿੰਘ ਜੀ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦੀ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਚੋਜਾਂ ਤੋਂ ਜਾਣੂੰ ਕਰਵਾਇਆ ਗਿਆ ਅਤੇ ਬਾਣੀ ਬਾਣੇ ਦੇ ਧਾਰਨੀ ਹੋ ਕਿ ਗੁਰਬਾਣੀ ਨਾਮ ਨਾਲ ਜੁੜ ਕੇ ਗੁਰੂ ਵਾਲੇ ਬਣ ਕਿ ਗੁਰਬਾਣੀ ਗਾਇਨ ਕਰਕੇ ਆਪਣੇ ਜੀਵਨ ਨੂੰ ਗੁਰੂ ਸਾਹਿਬ ਜੀ ਦੇ ਆਸੇ ਮੁਤਾਬਿਕ ਜਿਊਣ ਲਈ ਪ੍ਰੇਰਿਤ ਕੀਤਾ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਬਾਬਾ ਪਵਨਪ੍ਰੀਤ ਸਿੰਘ ਜੀ ਕਰੋਲ ਕਾ ਟਿੱਬਾ ਹਿਮਾਚਲ ਪ੍ਰਦੇਸ਼ ਵਾਲਿਆਂ ਵੱਲੋਂ ਹਾਜ਼ਰੀ ਲਗਵਾਈ ਗਈ ਅਤੇ ਸਮਾਪਤੀ ਮੌਕੇ ਬਾਬਾ ਪਵਨਪ੍ਰੀਤ ਸਿੰਘ ਜੀ ਵੱਲੋਂ ਸਮਾਗਮਾਂ ਦੀ ਅਤੇ ਸਰਬੱਤ ਦੇ ਭਲੇ ਲਈ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਗਈ 9ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਗਏ ਅਤੇ ਬਾਬਾ ਬਿਬੇਕ ਸਿੰਘ ਜੀ ਵੱਲੋਂ ਸਮਾਗਮ ਵਿੱਚ ਪਹੁੰਚੀਆਂ ਇਲਾਕਾ ਨਿਵਾਸੀ ਸਮੂਹ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਰਾਮ ਕਥਾ ਅਯੋਜਨ ਹੇਤੂ ਕਾਰਜਕਾਰਨੀ ਦਾ ਕੀਤਾ ਗਠਨ—ਖਿੰਦੜੀ

ਫ਼ਿਰੋਜ਼ਪੁਰ, 2 ਅਪ੍ਰੈਲ (ਮਨੋਹਰ ਲਾਲ) :— ਅਗਲੇ ਮਹੀਨੇ ਹੋਣ ਜਾ ਰਹੀ ਸ੍ਰੀ ਰਾਮ ਕਥਾ ਦੀ ਤਿਆਰੀ ਦੇ ਲਈ ਸ੍ਰੀ ਸਨਾਤਨ ਧਰਮ, ਪ੍ਰਚਾਰ ਅਤੇ ਵੈਲਫੇਅਰ ਸੁਸਾਇਟੀ ਦਾ ਗਠਨ ਕੀਤਾ ਗਿਆ ਹੈ। ਇਸ ਸਬੰਧੀ ਫ਼ਿਰੋਜ਼ਪੁਰ ਨਿਵਾਸੀਆਂ ਦੀ ਹੰਗਾਮੀ ਮੀਟਿੰਗ ਪ੍ਰਾਚੀਨ ਸ੍ਰੀ ਰਾਧਾ ਕ੍ਰਿਸ਼ਨ ਮੰਦਰ ਫ਼ਿਰੋਜ਼ਪੁਰ ਵਿਖੇ ਪੰਡਿਤ ਹਰੀ ਰਾ ਖਿੰਦੜੀ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਵੱਲੋਂ ਸਰਵਸੰਮਤੀ ਨਾਲ ਸੰਜੇ ਗੁਪਤਾ ਚੇਅਰਮੈਨ, ਪੰਡਿਤ ਮੁਨੀਸ਼ ਸ਼ਰਮਾ ਨੂੰ ਪ੍ਰਧਾਨ, ਰਾਮ ਅਵਤਾਰ ਅਤੇ ਪੰ: ਸੋਹਨ ਕੋਸਿਸ਼ ਨੂੰ ਜਨਰਲ ਸਕੱਤਰ, ਪੰ: ਨਵੀਨ ਸ਼ਰਮਾ ਨੂੰ ਸੀਨੀਅਰ ਉਪ ਪ੍ਰਧਾਨ, ਹਰੀ ਰਾਮ ਖਿੰਦੜੀ ਨੂੰ ਮੁੱਖ ਸਲਾਹਕਾਰ, ਸੁਰਿੰਦਰ ਕੁਮਾਰ ਸਾਸ਼ਤਰੀ ਨੂੰ ਖਜਾਨਚੀ ਅਤੇ ਅਸ਼ੋਕ ਗਰੋਵਰ ਨੂੰ ਖਜਾਨਚੀ ਅਤੇ ਦਫਤਰੀ ਸਕੱਤਰ ਨਿਯੁਕਤ ਕੀਤਾ ਗਿਆ। ਇਸ ਚੁਣੀ ਗਈ ਕਮੇਟੀ ਵਿਚ ਪੰ: ਰਾਜਨ ਜ਼ੋਸ਼ੀ ਅਤੇ ਗਨੇਸ਼ ਗਰੋਵਰ ਨੂੰ ਸਲਾਹਕਾਰ ਪੰ: ਅਮਿਤ ਸ਼ਰਮਾ ਵਕੀਲ, ਗੌਰਵ ਧਵਨ ਵਕੀਲ ਅਤੇ ਸਮਰਦੀਪ ਸ਼ਮੀ ਵਕੀਲ ਨੂੰ



ਕਾਨੂੰਨੀ ਸਲਾਹਕਾਰ, ਪੰ: ਸੁਨੀਲ ਸ਼ਰਮਾ, ਰਾਜੀਵ ਬਾਵਾ, ਪ੍ਰਦੀਪ ਚਾਨਨਾ, ਪ੍ਰਸ਼ੋਤਮ ਚਾਵਲਾ ਅਤੇ ਇੰਦਰ ਗੁਪਤਾ ਨੂੰ ਉਪ ਪ੍ਰਧਾਨ, ਸੰਜੀਵ ਹਾਂਡਾ, ਰਾਕੇਸ਼ ਮਿੱਤਲ,ਸੰਜੀਵ ਸ਼ਰਮਾ,ਸੁਧੀਰ ਸ਼ਰਮਾ,ਸੂਰਜ ਮਹਿਤਾ, ਰਮਨ ਧਵਨ, ਅਮਨ ਸ਼ਰਮਾ ਨੂੰ ਸਕੱਤਰ ਦੀ ਸੇਵਾ ਦਿੱਤੀ ਗਈ। ਸਮਾਗਮ ਅਤੇ ਧਰਮ ਦੇ ਪ੍ਰਚਾਰ ਲਈ ਪ੍ਰੈਸ ਸਕੱਤਰ ਵਜੋਂ ਜੇ.ਐਸ. ਕੁਮਾਰ, ਰਾਜ ਕੁਮਾਰ ਆਰ.ਕੇ, ਪ੍ਰੇਮ ਨਾਥ ਸ਼ਰਮਾ, ਮਨੋਹਰ ਲਾਲ, ਦੀਪਕ ਕਾਲੜਾ, ਅਸ਼ੋਕ ਭਾਰਦਵਾਜ, ਸਨੀ ਚੋਪੜਾ ਨੂੰ ਸ਼ਾਮਿਲ ਕੀਤਾ। ਇਸ ਮੌਕੇ ਬੋਲਦਿਆਂ ਪੰਡਿਤ ਹਰੀ ਓਮ ਖਿੰਦੜੀ ਨੇ ਦੱਸਿਆ ਕਿ ਮਹੰਤ ਸ਼ਿਵਰਾਮ ਦਾਸ, ਅਮਿਤ ਕਾਲੀਆ, ਰਾਮ ਕੇਵਲ ਤਿਵਾੜੀ, ਸਤਿਆ ਪ੍ਰਕਾਸ਼ ਮਿਸ਼ਰਾ, ਸੀਜਤ ਕੁਮਾਰ, ਪੰ: ਯੋਗੇਸ਼ ਤਿਵਾੜੀ, ਪੰ: ਸਿੰਦਰ, ਡਾ: ਜ਼ੋਸ਼ੀ, ਪੰ: ਵਿਕਾਸ ਮਿਸਰਾ, ਨਰੇਸ਼ ਮਦਾਨ ਨੂੰ ਪ੍ਰਚਾਰ ਸਕੱਤਰ ਨਿਯੁਕਤ ਕੀਤਾ ਗਿਆ, ਜਦੋਂ ਕਿ ਚੰਦਰ ਮੋਹਨ ਹਾਂਡਾ, ਡਾ: ਪਰਮਿੰਦਰ ਨਿਕਰੀ, ਡਾ: ਰਮੇਸ਼ ਖੁਰਾਨਾ, ਪੰ: ਰਮੇਸ਼ ਕਾਸਾ, ਪੰ: ਅਨਿਲ ਸ਼ਰਮਾ, ਪ੍ਰਵੀਨ ਤਲਵਾੜ, ਦਵਿੰਦਰ ਬਜਾਜ, ਰਾਜਿੰਦਰ ਗੁਪਤਾ, ਪੰ: ਅਸ਼ਵਨੀ ਦੇਵਗਨ ਨੂੰ ਕਮੇਟੀ ਵਿਚ ਸਰਪ੍ਰਸਤ ਵਜੋਂ ਸ਼ਾਮਿਲ ਕੀਤਾ ਗਿਅ। ਇਸੀ ਤਰ੍ਹਾਂ ਆਯੋਜਕਾਂ ਵਿਚ ਮਨਮੋਹਨ ਅਰੋੜਾ, ਵਿਪਨ ਚਾਵਲਾ, ਰਾਜਨ ਮਹਿਤਾ, ਰਾਜੇਸ਼ ਸਚਦੇਵਾ, ਤਿਲਕ ਰਾਜ ਧਵਨ, ਮੰਗਤ ਰਾਮ ਚੋਪੜਾ,ਸੰਦੀਪ ਸੋਨੀ,ਸੁਮਨਦੀਪ ਧਵਨ,ਤਰਸੇਮ ਲਾਲ ਅਰੋੜਾ, ਰਾਜਨ ਸ਼ਰਮਾ ਨੂੰ ਸ਼ਾਮਿਲ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਬਾਬਰੀ ਮਸਜਿਦ ਨੂੰ ਸਾਜਸੀ ਢੰਗ ਨਾਲ ਢਹਿ-ਢੇਰੀ ਕਰਵਾਉਣ ਵਾਲੇ ਅਡਵਾਨੀ ਨੂੰ ਭਾਰਤ ਰਤਨ ਦੇਣ ਦਾ ਵਿਰੋਧ: ਮਾਨ



ਨਵੀਂ ਦਿੱਲੀ 2 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):-"ਹੁਕਮਰਾਨਾਂ ਦੀ ਸਿਆਸਤਦਾਨਾਂ ਨੂੰ ਸਨਮਾਨ ਕਰਨ ਜਾਂ ਤਰੱਕੀ ਦੇਣ ਦੀ ਕਸੌਟੀ ਇਹ ਹੈ ਕਿ ਜੋ ਸਿਆਸਤਦਾਨ ਜਾਂ ਅਫਸਰ ਘੱਟ ਗਿਣਤੀ ਕੌਮਾਂ ਉਤੇ ਗੈਰ ਵਿਧਾਨਿਕ ਤੇ ਗੈਰ ਇਨਸਾਨੀਅਤ ਤਰੀਕੇ ਜ਼ਬਰ ਜੁਲਮ ਕਰਦੇ ਹਨ, ਜਲੀਲ ਕਰਦੇ ਹਨ । ਅਜਿਹੇ ਸਿਆਸਤਦਾਨਾਂ ਤੇ ਅਫਸਰਸਾਹੀ ਨੂੰ ਹੀ ਬੀਜੇਪੀ-ਆਰ.ਐਸ.ਐਸ ਦੇ ਹੁਕਮਰਾਨ ਵੱਡੇ ਸਨਮਾਨ ਪ੍ਰਦਾਨ ਕਰਦੇ ਹਨ । ਜਿਸਦੀ ਪ੍ਰਤੱਖ ਉਦਾਹਰਣ ਇਹ ਹੈ ਕਿ ਸ੍ਰੀ ਐਲ.ਕੇ. ਅਡਵਾਨੀ ਨੂੰ ਪ੍ਰੈਜੀਡੈਟ ਇੰਡੀਆਂ ਵੱਲੋ ਭਾਰਤ ਰਤਨ ਦਾ ਸਨਮਾਨ ਇਸ ਲਈ ਦਿੱਤਾ ਗਿਆ ਕਿ ਉਸਨੇ ਬੀਤੇ ਸਮੇਂ ਵਿਚ ਮੁਸਲਿਮ ਕੌਮ ਦੀ ਇਤਿਹਾਸਿਕ ਬਾਬਰੀ ਮਸਜਿਦ ਨੂੰ 1992 ਵਿਚ ਸਾਜਸੀ ਢੰਗ ਨਾਲ ਢਹਿ-ਢੇਰੀ ਕੀਤਾ ਸੀ । ਜੋ ਅਸੱਭਿਅਕ ਅਤੇ ਗੈਰ ਸਮਾਜਿਕ ਕਾਰਵਾਈਆ ਕਰਦੇ ਹੋਏ ਬੀਜੇਪੀ-ਆਰ.ਐਸ.ਐਸ. ਹਕੂਮਤ ਦੌਰਾਨ ਸਿੱਖ ਕੌਮ ਦੇ ਧਾਰਮਿਕ ਸਥਾਂਨ ਅਤੇ ਯਾਦਗਰਾਂ ਨੂੰ ਵੀ ਮੰਦਭਾਵਨਾ ਅਧੀਨ ਤਬਾਹ ਕੀਤਾ ਗਿਆ । ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਮੰਗ ਕਰਦਾ ਹੈ ਕਿ ਅਜਿਹੇ ਸਨਮਾਨ ਕੀਤੇ ਗਏ ਸਿਆਸਤਦਾਨਾਂ ਦੇ ਹੋਏ ਅਮਲਾਂ ਉਤੇ ਮੁੜ ਗੰਭੀਰਤਾ ਨਾਲ ਵਿਚਾਰ ਹੋਵੇ ਕਿ ਇਹ ਅਮਲ ਮੁਲਕ ਨੂੰ ਅਤੇ ਇਥੋ ਦੇ ਹਾਲਾਤਾਂ ਨੂੰ ਕਿਸ ਦਿਸ਼ਾ ਵੱਲ ਲਿਜਾ ਰਹੇ ਹਨ ?" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਜੇਪੀ-ਆਰ.ਐਸ.ਐਸ. ਨਾਲ ਸੰਬੰਧਤ ਵੱਡੇ ਆਗੂ ਸ੍ਰੀ ਐਲ.ਕੇ. ਅਡਵਾਨੀ ਨੂੰ ਪ੍ਰੈਜੀਡੈਟ ਇੰਡੀਆਂ ਵੱਲੋ ਭਾਰਤ ਰਤਨ ਦਾ ਸਨਮਾਨ ਦੇਣ ਉਤੇ ਤਿੱਖਾ ਪ੍ਰਤੀਕਰਮ ਜਾਹਰ ਕਰਦੇ ਹੋਏ ਅਤੇ ਇਸ ਹੋਏ ਗੈਰ ਸਮਾਜਿਕ ਤੇ ਗੈਰ ਵਿਧਾਨਿਕ ਅਮਲ ਉਤੇ ਗੰਭੀਰਤਾ ਨਾਲ ਮੁੜ ਵਿਚਾਰ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਇਹ ਬੀਜੇਪੀ-ਆਰ.ਐਸ.ਐਸ. ਦੀ ਹੀ ਜਾਬਰ ਹਕੂਮਤ ਹੈ ਜਿਸਦੀਆਂ ਖੂਫੀਆ ਏਜੰਸੀਆਂ ਆਈ.ਬੀ, ਰਾਅ, ਮਿਲਟਰੀ ਇੰਨਟੈਲੀਜੈਸ, ਸੁਰੱਖਿਆ ਸਲਾਹਕਾਰ ਸ੍ਰੀ ਡੋਵਾਲ ਨੇ ਸਾਂਝੀ ਸਾਜਿਸ ਅਧੀਨ ਕੈਨੇਡਾ ਵਿਚ ਵੱਸਦੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ ਅਤੇ ਸੁਖਦੂਲ ਸਿੰਘ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਅਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਪੰਜਾਬ ਵਿਚ ਕਤਲ ਕਰਵਾਏ । ਇਸੇ ਤਰ੍ਹਾਂ ਇਨ੍ਹਾਂ ਏਜੰਸੀਆ ਨੇ ਅਮਰੀਕਨ ਸਿੱਖ ਨਾਗਰਿਕ ਸ. ਗੁਰਪਤਵੰਤ ਸਿੰਘ ਪੰਨੂ ਨੂੰ ਕਤਲ ਕਰਨ ਦੀ ਸਾਜਿਸ ਰਚੀ ਸੀ । ਜਿਸ ਨੂੰ ਅਮਰੀਕਾ ਨੇ ਅਸਫਲ ਬਣਾਇਆ । ਜਦੋ ਹੁਣ ਇਸ ਸਾਜਿਸ ਦੇ ਕਰਤਾ-ਧਰਤਾ ਇਥੋ ਦੀਆਂ ਖੂਫੀਆ ਏਜੰਸੀਆ ਅਤੇ ਅਫਸਰਾਨ ਦੇ ਨਾਮ ਸਾਹਮਣੇ ਆ ਰਹੇ ਹਨ । ਉਸ ਸਮੇ ਅਮਰੀਕਾ ਵੱਲੋ ਇਸਦੀ ਕੀਤੀ ਜਾ ਰਹੀ ਜਾਂਚ ਵਿਚ ਇੰਡੀਆ ਦੇ ਹੁਕਮਰਾਨਾਂ ਨੂੰ ਸਾਥ ਦੇਣ ਦੀ ਅਪੀਲ ਕੀਤੀ ਹੋਈ ਹੈ ਅਤੇ ਫਿਰ ਵੀ ਇੰਡੀਆ ਉਪਰੋਕਤ ਹੋਈ ਸਾਜਿਸ ਤੋ ਮੁਨਕਰ ਹੋਣ ਲਈ ਕੋਈ ਨਾ ਕੋਈ ਗੈਰ ਦਲੀਲ ਢੰਗ ਨਾਲ ਰਾਹ ਕੱਢਦਾ ਨਜਰ ਆ ਰਿਹਾ ਹੈ । ਤਾਂ ਉਸ ਸਮੇ ਅਮਰੀਕਾ ਦੇ ਰਾਜਦੂਤ ਮਿਸਟਰ ਗੁਰਸੈਟੀ ਨੇ ਕਿਹਾ ਹੈ ਕਿ ਇੰਡੀਆ ਨੂੰ ਰੈਡ ਲਾਇਨ ਨੂੰ ਪਾਰ ਨਹੀ ਕਰਨਾ ਚਾਹੀਦਾ । ਵਿਸੇਸ ਤੌਰ ਤੇ ਸ. ਪੰਨੂ ਦੇ ਕਤਲ ਦੀ ਸਾਜਿਸ ਵਿਚ ਅਜਿਹੀ ਕੋਈ ਗੱਲ ਨਹੀ ਕਰਨੀ ਚਾਹੀਦੀ । ਜਿਸ ਨਾਲ ਸੰਸਾਰ ਦੇ ਮੁਲਕਾਂ ਨੂੰ ਇਹ ਲੱਗੇ ਕਿ ਇੰਡੀਆ ਕਤਲ ਦੇ ਦੋਸ਼ਾਂ ਤੋ ਆਪਣੇ ਆਪ ਨੂੰ ਬਚਾਉਣ ਲਈ ਹੱਥਕੰਡੇ ਅਪਣਾ ਰਿਹਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

# ਹਰ ਮਨੁੱਖ ਲਾਏ ਇਕ ਰੁੱਖ ਦਾ ਆਗਾਜ਼ ਕਰਦੇ ਹੋਏ ਪਾਸ ਹੋਣ ਤੇ ਰੁੱਖ ਲਗਾ ਕੇ ਸ਼ੁਰੂਆਤ ਕੀਤੀ ਗਈ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 2 ਅਪ੍ਰੈਲ (ਮਨੋਹਰ ਲਾਲ) :— ਹਰ ਬੱਚੇ ਨੂੰ ਵਾਤਾਵਰਣ ਦੀ ਸੰਭਾਲ ਲਈ, ਪਾਣੀ ਬਚਾਓ ਲਈ ਰੁੱਖ ਲਗਾਉ, ਪਲਾਸਟਿਕ ਮੁਕਤ ਮੁਹਿਮ ਤਹਿਤ ਪਾਸ ਹੋਣ ਤੇ ਆਪਣੇ ਘਰ, ਸਕੂਲ ਵਿਚ ਹਰ ਮਨੁੱਖ ਲਾਏ ਇਕ ਰੁੱਖ ਦੀ ਮੁਹਿੰਮ ਦਾ ਆਰੰਭ ਕੀਤਾ। ਇਹ ਵਿਚਾਰ ਸੁਭਾ ਦੀ ਪ੍ਰਾਰਥਣਾ ਸਭਾ ਵਿਚ ਰੋਜਾਨਾ ਪੀ.ਸੀ ਕੁਮਾਰ ਜ਼ਿਲ੍ਹਾ ਫ਼ਿਰੋਜ਼ਪੁਰ ਐਨ.ਜੀ.ਓਜ਼ ਤੇ ਸਦਾਵਰਤ ਪੰਚਾਇਤੀ ਦੇ ਮੁੱਖ ਕਾਰਜਕਰਤਾ ਸੇਵਾ ਮੁਕਤ ਮਾਸ ਮੀਡੀਆ ਅਫਸਰ ਸੇਵਾ ਮੁਕਤ ਸਿਹਤ ਵਿਭਾਗ ਸੀਨੀਅਰ ਸਿਟੀਜਨ, ਸਮਾਜ ਸੁਧਾਰਕ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਬਚਿਆਂ ਵਿਚ ਸਰੀਰਕ ਬਿਮਾਰੀਆਂ, ਮਾਨਸਿਕ ਪ੍ਰੇਸ਼ਾਨੀਆਂ, ਸਮਾਜਿਕ ਕੁਰੀਤੀਆਂ ਜਿਵੇਂ ਮੋਬਾਇਲਾਂ ਟੱਚ ਵਾਲਿਆਂ ਦੀ ਵਰਤੋਂ, ਫਾਸਟ ਫੂਡਾਂ ਦਾ ਖਾਣਾ ਬਜਾਰੀਆਂ ਚੀਜਾਂ ਤੇ ਦਿਨੋਂ-ਦਿਨ ਖਾਣ ਵੱਲ ਰੁਚੀ ਵਧਣਾ, ਮਾੜੀ ਸੰਗਤ ਕਾਰਣ ਟੀ.ਵੀ ਚੈਨਲਾਂ, ਮੋਬਾਇਲਾਂ, ਅਸ਼ਲੀਲ, ਹਰਕਤਾਂ ਵੇਖਣ, ਛੋਟੇ-ਛੋਟੇ ਬੱਚਿਆਂ ਵਿਚ ਆਚਰਨਹੀਨਤਾ, ਨਸ਼ੇ ਆਦਿ ਮਾੜੀਆਂ ਆਦਤਾਂ ਸਦਕਾ ਬਚਿਆਂ ਦਾ ਨਵੇਂ ਸਾਲ ਤੇ ਜਿਥੇ ਪੜ੍ਹਾਈ, ਖੇਡਾਂ, ਯੋਗਾ ਆਦਿ ਵੱਲ ਧਿਆਨ ਦੇਣਾ, ਉਥੇ ਵਾਤਾਵਰਣ ਦਾ ਪ੍ਰਦੂਸ਼ਿਤ ਹੋਣਾ ਅਨੇਕਾਂ ਕਰੋਣਾ ਵਾਲੀਆਂ ਬਿਮਾਰੀਆਂ, ਟੀ.ਬੀ, ਕੈਂਸਰ, ਗਲੇ ਦੀਆਂ, ਪੇਟ ਦੀਆਂ ਬਿਮਾਰੀਆਂ ਜ਼ੋ ਇਨ੍ਹਾਂ ਖਾਦਾਂ, ਜ਼ਿਹਰੀਲੀਆਂ ਚੀਜਾਂ ਨੂੰ ਪਕਾਉਣਾ, ਫਰੂਟਾਂ ਆਦਿ ਦਾ ਟੂਣੀਆ ਦਾ ਪੈਦਾ ਹੋਣਾ ਇਕੋ ਇਕ ਇਲਾਜ ਨਾਲੋਂ ਪ੍ਰਹੇਜ਼ ਚੰਗਾ ਨੂੰ ਸਨ, ਹਰ ਘਰ ਵਿਚ ਬਣੀ ਚੀਜ ਖਾਣਾ ਟੌਕਿਸ ਕਦਵਾਈ ਆਦਿ ਦਾ ਬੰਦ ਕਰਣਾ, ਨਾਲ ਹੀ ਜ਼ੋ ਇਹ ਪਲਾਸਟਿਕ ਦੀ ਵਜ੍ਹਾ ਵਰਗੀਆਂ ਕੈਂਸਰਪੱਧਰੀ, ਟੀ.ਬੀ ਆਦਿ ਅੱਖਾਂ ਦੀਆਂ ਬਿਮਾਰੀਆਂ ਜ਼ੋ ਖਾਣ, ਪੀਣ, ਰਹਿਣ ਸਹਿਣ, ਮਾੜੀਆਂ ਆਦਤਾਂ, ਮਾੜੀ ਸੰਗਤ ਜ਼ੋ ਅੱਜ ਸਾਡੇ ਘਰ, ਸਮਾਜ, ਦੇਸ਼ ਨੂੰ ਬਰਬਾਦ ਕਰ ਰਹੀਆਂ ਹਨ। ਵਾਤਾਵਰਣ ਨੂੰ ਗੰਧਲਾ ਕਰ ਇਨ੍ਹਾਂ ਬਿਮਾਰੀਆਂ ਨੂੰ ਬੜ੍ਹਾਵਾ ਦੇ ਰਹੀਆਂ ਤੋਂ ਬਚਣਾ, ਪੌਦੇ ਲਗਾਉ, ਪਾਣੀ ਬਚਾਓ, ਪਲਾਸਟਿਕ ਮੁਕਤ ਭਾਰਤ ਬਨਾਉਣ ਤਹਿਤ ਪੌਦੇ ਲਗਾਏ ਗਏ ਤੇ ਲਗਾਉਣ ਦਾ ਪ੍ਰਣ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਹਲਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਦੇ ਘਰ ਅੱਗੇ ਧਰਨਾ ਦੇ ਕੇ ਕਿਸਾਨਾਂ ਨੇ ਦਿੱਤਾ ਚਿਤਾਵਨੀ ਪੱਤਰ

# ਕਿਸਾਨੀ ਮੰਗ ਪੱਤਰ ਪੰਜਾਬ ਸਰਕਾਰ ਤੱਕ ਪਹੁੰਚਦਾ ਕੀਤਾ ਜਾਵੇਗਾ- ਪ੍ਰੋ. ਬਲਜਿੰਦਰ ਕੌਰ



**ਤਲਵੰਡੀ ਸਾਬੋ, 02 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਮੰਡੀਕਰਨ ਬੋਰਡ ਨੂੰ ਤੋੜਨ ਅਤੇ ਪੰਜਾਬ ਵਿੱਚ 9 ਵੱਡੇ ਸ਼ੀਲੋ ਗਦਾਮ ਬਣਾ ਕੇ ਕਾਰਪਰੇਟ ਘਰਾਣਿਆਂ ਨੂੰ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਅਨਾਜ ਖਰੀਦਣ, ਜਮ੍ਹਾਂ ਕਰਨ ਅਤੇ ਪ੍ਰੋਸੈਸਿੰਗ ਕਰਨ ਦੀ ਦਿੱਤੀ ਇਜਾਜ਼ਤ ਵਿਰੁੱਧ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੱਦੇ ਤਹਿਤ ਹਲਕਾ ਤਲਵੰਡੀ ਸਾਬੋ ਦੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਦੇ ਘਰ ਅੱਗੇ ਧਰਨਾ ਦੇ ਕੇ ਚਿਤਾਵਨੀ ਪੱਤਰ ਦਿੱਤਾ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਦੁਆਰਾ ਲਿਆ ਇਹ ਫੈਸਲਾ ਵਾਪਸ ਲਿਆ ਜਾਵੇ। ਪ੍ਰੋ. ਬਲਜਿੰਦਰ ਕੌਰ ਨੇ ਕਿਸਾਨਾਂ ਦਾ ਮੰਗ ਪੱਤਰ ਲੈਂਦੇ ਹੋਏ ਵਿਸ਼ਵਾਸ ਦਵਾਇਆ ਕਿ ਇਹ ਮੰਗ ਪੱਤਰ ਪੰਜਾਬ ਸਰਕਾਰ ਤੱਕ ਜ਼ਰੂਰ ਪਹੁੰਚਾਇਆ ਜਾਵੇਗਾ ਅਤੇ ਜੋ ਵੀ ਫੈਸਲਾ ਜਾਂ ਗੱਲਬਾਤ ਹੋਵੇਗੀ ਕਮੇਟੀ ਨੂੰ ਬੁਲਾ ਕੇ ਦੱਸ ਦਿੱਤੀ ਜਾਵੇਗੀ।



ਅੱਜ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਅਤੇ ਬਲਾਕ ਜਰਨਲ ਸਕੱਤਰ ਕਾਲਾ ਸਿੰਘ ਚੱਠੇਵਾਲਾ ਨੇ ਕਿਹਾ ਕਿ 2020 ਵਿੱਚ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਤਿੰਨ ਕਿਸਾਨ ਅਤੇ ਲੋਕ ਵਿਰੋਧੀ ਕਾਨੂੰਨ ਲਿਆਂਦੇ ਸਨ ਜਿਨਾਂ ਨੂੰ ਪੰਜਾਬ ਸਮੇਤ ਭਾਰਤ ਦੇ ਕਿਸਾਨਾਂ ਵੱਲੋਂ ਲਗਾਤਾਰ ਦਿੱਲੀ ਦੇ ਬਾਰਡਰਾਂ ਤੇ 13 ਮਹੀਨੇ ਮੋਰਚਾ ਲਾਉਣ ਤੋਂ ਬਾਅਦ ਜਿਸ ਦੌਰਾਨ 750 ਤੋਂ ਜਿਆਦਾ ਕਿਸਾਨਾਂ, ਮਜ਼ਦੂਰਾਂ ਅਤੇ ਔਰਤਾਂ ਦੀਆਂ ਸ਼ਹੀਦੀਆਂ ਹੋਈਆਂ ਸਨ, ਮੋਦੀ ਹਕੂਮਤ ਨੂੰ ਉਹ ਕਾਨੂੰਨ ਵਾਪਸ ਲੈਣੇ ਪਏ ਸੀ ਪਰ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਉਹ ਪਹਿਲੇ ਦੋ ਕਾਨੂੰਨ ਪੰਜਾਬ ਵਿੱਚ ਲਾਗੂ ਕਰਨ ਲਈ 15 ਮਾਰਚ ਨੂੰ ਪੱਤਰ ਜਾਰੀ ਕਰ ਦਿੱਤਾ ਹੈ ਜੋ ਕਿ ਵੱਡੇ ਕਾਰਪੋਰੇਟ ਘਰਾਣਿਆਂ ਦੀਆਂ 9 ਸਾਇਲੋ ਮੰਡੀਆਂ ਨੂੰ 7 ਲੱਖ 25000 ਟਨ ਕਣਕ ਖਰੀਦ ਕੇ ਸਟੋਰ ਅਤੇ ਪ੍ਰੋਸੈਸਿੰਗ ਕਰਨ ਦੀ ਖੁੱਲ੍ਹ ਦੇਣ ਦਾ ਫ਼ੈਸਲਾ ਸਰਾਸਰ ਕਿਸਾਨ ਵਿਰੋਧੀ ਫੈਸਲਾ ਹੈ। ਇਸ ਦੇ ਨਾਲ ਹੀ ਪੰਜਾਬ ਦੀਆਂ ਦੋ ਦਰਜਨ ਤੋਂ ਵੱਧ ਖੇਤੀ ਮੰਡੀਆਂ/ਸਬਯਾਰਡਾਂ ਨੂੰ ਹੋਰਨਾਂ ਵਿਭਾਗਾਂ ਵਿੱਚ ਮਰਜ ਕਰਨ ਦੇ ਫੈਸਲੇ ਬਾਰੇ ਵੀ ਜਾਣਕਾਰੀ ਹਾਸਿਲ ਹੋਈ ਹੈ। ਇਹ ਦੋਨੋਂ ਕਦਮ ਜੁੜ ਕੇ ਸਰਕਾਰੀ ਮੰਡੀ ਨੂੰ ਸੁੰਗੇੜਨ ਤੇ ਕਾਰਪੋਰੇਟ ਵਪਾਰੀਆਂ ਦਾ ਗਲਬਾ ਵਧਾਉਣ ਦੇ ਕਦਮ ਹਨ। ਇਸ ਨਾਲ 2-3 ਫਸਲਾਂ ਦੀ ਚੱਲ ਰਹੀ ਸਰਕਾਰੀ ਖਰੀਦ ਵੀ ਠੱਪ ਕਰਨ ਦਾ ਰਾਹ ਪੱਧਰਾ ਹੁੰਦਾ ਹੈ। ਇਹਨਾਂ ਫੈਸਲਿਆਂ ਰਾਹੀਂ ਸਰਕਾਰੀ ਮੰਡੀ ਦੇ ਖਾਤਮੇ ਅਤੇ ਕਾਰਪੋਰੇਟ ਵਪਾਰੀਆਂ ਵੱਲੋਂ ਮਨ-ਚਾਹੀ ਹੱਦ ਤੱਕ ਅਨਾਜ ਭੰਡਾਰ ਕਰ ਸਕਣ ਵਾਲੇ ਕਾਨੂੰਨਾਂ ਨੂੰ ਦੀ ਧੁੱਸ ਨੂੰ ਬਦਲਵੇਂ ਰੂਟ ਲਾਗੂ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਸ ਫੈਸਲੇ ਨਾਲ ਇੱਕ ਪਾਸੇ ਕਿਸਾਨਾਂ ਨੂੰ ਕਾਰਪੋਰੇਟ ਵਪਾਰੀਆਂ ਹੱਥੋਂ ਲੁੱਟੇ ਜਾਣ ਦੀ ਮਜਬੂਰ ਕੀਤਾ ਜਾਣਾ ਹੈ ਤੇ ਦੂਜੇ ਪਾਸੇ ਲੋਕਾਂ ਨੂੰ ਸਸਤੇ ਰੇਟ 'ਤੇ ਅਨਾਜ ਦੇ ਹੱਕ ਤੋਂ ਵਾਂਝੇ ਕੀਤਾ ਜਾਣਾ ਹੈ। ਪੰਜਾਬ ਸਰਕਾਰ ਦਾ ਇਹ ਫੈਸਲਾ ਪੂਰੀ ਤਰ੍ਹਾਂ ਕਿਸਾਨ ਤੇ ਲੋਕ ਦੋਖੀ ਹੈ ਅਤੇ ਕਾਰਪਰੇਟ ਪੱਖੀ ਹੈ। ਅੱਜ ਇਸ ਪੱਤਰ ਰਾਹੀਂ ਮੰਗ ਕੀਤੀ ਕਿ ਇਹ ਫੈਸਲਾ ਤੁਰੰਤ ਰੱਦ ਕਰਨ ਕੀਤਾ ਜਾਵੇ। ਅੱਜ ਦੇ ਇਸ ਇਕੱਠ ਵੱਲੋਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਮ ਆਦਮੀ ਪਾਰਟੀ ਨੂੰ ਇਸ ਚੋਣ ਮੁਹਿੰਮ ਦੌਰਾਨ ਤਿੱਖੇ ਕਿਸਾਨ ਰੋਹ ਦਾ ਸਾਹਮਣਾ ਕਰਨਾ ਪਵੇਗਾ। ਮਿਲੀ ਜਾਣਕਾਰੀ ਅਨੁਸਾਰ ਸਰਕਾਰ ਨੇ ਇਹ ਫੈਸਲਾ ਵਾਪਸ ਲੈ ਲਿਆ ਹੈ ਜੋ ਕਿ ਕਿਸਾਨਾਂ ਦੇ ਸੰਘਰਸ਼ ਦੀ ਅੰਸਕ ਜਿੱਤ ਹੈ ਕਿਸਾਨ ਆਗੂਆਂ ਨੇ ਕਿਹਾ ਕਿ ਉਹ ਹਰ ਵਕਤ ਚੌਕਸ ਰਹਿਣ ਕਿਉਂਕਿ ਸਰਕਾਰ ਕਿਸਾਨ ਵਿਰੋਧੀ ਨੀਤੀਆਂ ਦੇ ਚਲਦਿਆਂ ਕਦੋਂ ਵੀ ਅਜਿਹੇ ਕਾਨੂੰਨ ਜਾਂ ਫੈਸਲੇ ਲਿਆ ਕੇ ਲਾਗੂ ਕਰ ਸਕਦੀ ਹੈ। ਅੱਜ ਦੇ ਇਕੱਠ ਵਿੱਚ ਜਸਵੀਰ ਸਿੰਘ ਬੁਰਜ ਸੇਮਾ, ਕੁਲਵਿੰਦਰ ਸਿੰਘ ਗਿਆਨਾ, ਰਣਜੋਧ ਸਿੰਘ ਮਾਹੀਨੰਗਲ, ਕਲੱਤਰ ਕਲਾਲਵਾਲਾ, ਗੁਰਜੀਤ ਸਿੰਘ ਬੰਗਹੇਰ ਵੀ ਸ਼ਾਮਿਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਫ਼ਿਰੋਜ਼ਪੁਰ ਪ੍ਰਸ਼ਾਸਨ ਵੱਲੋਂ ਆਪੇ ਵਧਾਏ ਪਾਣੀ ਤੇ

# ਸੀਵਰ ਬਿੱਲਾਂ ਨੇ ਲੋਕਾਂ ਦਾ ਕੱਢਿਆ ਕੰਚੂਬਰ

ਫ਼ਿਰੋਜ਼ਪੁਰ, 2 ਅਪ੍ਰੈਲ (ਮਨੋਹਰ ਲਾਲ) :– ਕੱਲ ਸੀਨੀਅਰ ਸਿਟੀਜਨ ਕੌਂਸਲ ਰਜਿਸਟਰ ਫ਼ਿਰੋਜ਼ਪੁਰ ਦੀ ਮਹੀਨਾਵਾਰ ਮੀਟਿੰਗ ਪੀ.ਡੀ ਸ਼ਰਮਾ ਜ਼ਿਲਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਬਾਗਵਾਨ ਵਿਖੇ ਹੋਈ, ਜਿਸ ਵਿੱਚ ਹਰ ਮਹੀਨੇ ਦੀ ਤਰ੍ਹਾਂ ਮਾਰਚ ਮਹੀਨੇ ਵਿੱਚ ਜਨਮਦਿਨ ਵਾਲੇ ਸਮੂਹ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ। ਸੀਨੀਅਰ ਸਿਟੀਜਨ ਕਲਾਕਾਰਾਂ ਵੱਲੋਂ ਆਪਣੇ ਕਲਾ ਦੇ ਜੌਹਰ ਦਿਖਾਉਂਦੇ ਹੋਏ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕੀਤਾ, ਜਦੋਂ ਕਿ ਵਿਸ਼ੇਸ਼ ਤੌਰ ਸ਼ਾਮ ਲਾਲ ਕੱਕੜ ਨੇ ਸ਼ਮੂਲੀਅਤ ਕਰਕੇ ਆਪਣੇ ਵਿਚਾਰ ਸਾਂਝੇ ਕੀਤੇ। ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਕੌਂਸਲ ਦੇ ਪ੍ਰਧਾਨ ਪੀ.ਡੀ ਸ਼ਰਮਾ ਨੇ ਦੱਸਿਆ ਕਿ ਕੌਂਸਲ ਲੰਬੇ ਸਮੇਂ ਤੋਂ ਸੀਨੀਅਰ ਸਿਟੀਜਨ ਨੂੰ ਆਉਂਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਉਪਰਾਲੇ ਕਰ ਰਹੀ ਹੈ। ਮੀਟਿੰਗ ਵਿੱਚ ਗੁਰਦਿਆਲ ਸਿੰਘ ਵਿਰਕ ਵੱਲੋਂ ਮਤਾ ਪੇਸ਼ ਕੀਤਾ ਗਿਆ ਕਿ ਸੀਵਰੇਜ ਤੇ ਪਾਣੀ ਦੇ ਬਿੱਲ ਲਗਭਗ ਪੰਜ ਗੁਣਾ ਵਧਾ ਦਿੱਤੇ ਗਏ ਹਨ ਜੋ ਕਿ ਨਿਯਮਾਂ ਦੇ ਤੇ ਕਾਨੂੰਨਾਂ ਦੇ ਵਿਰੁੱਧ ਹਨ ਇਸ ਲਈ ਇਹਨਾਂ ਨੂੰ ਘਟਾਉਣ ਲਈ ਉਪਰਾਲੇ ਕੀਤੇ ਜਾਣ। ਸ੍ਰੀ ਅੰਮ੍ਰਿਤ ਸੋਢੀ ਵਲੋਂ ਮਤਾ ਪੇਸ਼ ਕੀਤਾ ਗਿਆ ਕਿ ਸ਼ਹਿਰ ਦੀਆਂ ਸੜਕਾਂ ਤੇ ਪਏ ਹੋਏ ਖੱਡੇ, ਨਿਯਮਾਂ ਕਾਨੂੰਨਾਂ ਦੇ ਵਿਰੁੱਧ ਬਣਾਏ ਗਏ ਸਪੀਡ ਬਰੇਕਰ ਸੀਨੀਅਰ ਸਿਟੀਜਨ ਲਈ ਜਾਨ ਲੇਵਾ ਸਾਬਤ ਹੋ ਰਹੇ ਹਨ ਅਤੇ ਹਾਦਸਿਆਂ ਦਾ ਸਬੱਬ ਬਣ ਰਹੇ ਹਨ। ਪਿਛਲੇ ਦਿਨਾਂ ਵਿੱਚ ਸੀਨੀਅਰ ਸਿਟੀਜਨ ਕੌਂਸਲ ਦੇ ਸੀਨੀਅਰ ਸਲਾਹਕਾਰ ਸ੍ਰੀ ਮਦਨ ਲਾਲ ਤਿਵਾੜੀ ਜਿਨਾਂ ਦੀ ਉਮਰ ਲਗਭਗ 87 ਸਾਲ ਦੀ ਹੈ ਉਹ ਇੱਕ ਸੀਨੀਅਰ ਪੱਤਰਕਾਰ ਵੀ ਹਨ। ਸੜਕਾਂ ਦੀ ਹਾਲਤ ਖਰਾਬ ਹੋਣ ਕਾਰਨ ਉਹਨਾਂ ਦਾ ਐਕਸੀਡੈਂਟ ਹੋ ਗਿਆ, ਜਿਸ ਕਾਰਨ ਉਹ ਲਗਭਗ 8 ਮਹੀਨਿਆਂ ਤੋਂ ਬੈਡ ਤੇ ਹਨ ਅਤੇ ਅਤੇ ਚੱਲਣ ਫਿਰਨ ਤੋਂ ਸਮਰਥ ਹਨ ਲੱਖਾਂ ਰੁਪਏ ਖਰਚ ਕਰ ਬੈਠੇ ਹਨ ਇਸੇ ਤਰ੍ਹਾਂ ਹੀ ਇੱਕ ਹੋਰ ਸੀਨੀਅਰ ਮੈਂਬਰ ਸ਼੍ਰੀ ਰਾਮ ਸਰੂਪ ਦਾ ਵੀ ਸੜਕਾਂ ਦੀ ਖਰਾਬੀ ਕਾਰਨ ਐਕਸੀਡੈਂਟ ਹੋਇਆ ਉਹਨਾਂ ਦੇ ਫਰੈਕਚਰ ਹੋਣ ਕਾਰਨ ਪਲਸਟਰ ਕਰਾਉਣਾ ਪਿਆ। ਇਸ ਤਰ੍ਹਾਂ ਦੀਆਂ ਹੋਰ ਵੀ ਘਟਨਾਵਾਂ ਸੜਕਾਂ ਦੀ ਬੇਹੂਦਾ ਹਾਲਤ ਕਾਰਨ ਹੋ ਰਹੀਆਂ ਹਨ। ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਇਹ ਸੜਕਾਂ ਵਿੱਚ ਪਏ ਖੱਡੇ, ਗੈਰ ਕਾਨੂੰਨੀ ਸੜਕਾਂ ਤੇ ਬਣੇ ਸਪੀਡ ਬਰੇਕਰ, ਸੀਵਰੇਜ ਤੇ ਪਾਣੀ ਦੇ ਬਿੱਲ ਜੋ ਬੇਤਹਾਸ਼ਾ ਵਧਾਏ ਗਏ ਹਨ ਇਨ੍ਹਾਂ ਦੇ ਵਿਰੁੱਧ ਸੰਘਰਸ਼ ਕੀਤਾ ਜਾਵੇ ਤੇ ਬਿਲਾਂ ਨੂੰ ਘਟਾਉਣ ਲਈ ਉਪਰਾਲੇ ਕੀਤੇ ਜਾਣ। ਇਸ ਮੌਕੇ ਤੇ ਸ੍ਰੀ ਸ਼ਾਮ ਲਾਲ ਕੱਕੜ ਜੋ ਕਿ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਪੁੱਜੇ ਸਨ ਨੂੰ ਕੌਂਸਲ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਕੌਂਸਲ ਵੱਲੋਂ ਜਨਮਦਿਨ ਵਾਲੇ ਮਦਨ ਲਾਲ ਤਿਵਾੜੀ, ਯਸ਼ਪਾਲ ਸ਼ਰਮਾ, ਜਗਦੀਸ਼ ਲਾਲ ਬੋਹਰਾ ਤਹਿਸੀਲਦਾਰ ਰਿਟਾਇਰਡ, ਸ਼ਮਸ਼ੇਰ ਸਿੰਘ ਅਰੋੜਾ ਸੀਨੀਅਰ ਬੈਂਕ ਮੈਨੇਜਰ, ਓਮ ਪ੍ਰਕਾਸ਼ ਬਜਾਜ ਬੀਡੀਪੀਓ, ਸਦੀਪ ਸਿਕਰੀ, ਮੱਖਣ ਲਾਲ, ਰਾਮ ਸਰੂਪ ਤੇ ਹਰੀਸ਼ ਚੰਦਰ ਅਹੂਜਾ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ।




ਆਵਾਜ਼ਿ ਕੌਮ AWAZE QAUM International Newspaper & WEB TV

**ਸੀਨੀਅਰ ਸਿਟੀਜਨ ਕੌਂਸਲ ਦੀ ਮੀਟਿੰਗ ਵਿੱਚ ਪਾਣੀ ਦੇ ਸੀਵਰ ਦੇ ਬਿੱਲਾਂ ਨੂੰ ਘਟਾਉਣ ਲਈ ਸੰਘਰਸ਼ ਕਰਨ ਦਾ ਕੀਤਾ ਫੈਸਲਾ**

# ਐਡਵੋਕੇਟ ਧਾਮੀ ਨੇ ਗੁਰੂ ਨਾਨਕ ਦੇਵ ਸੀਨੀਅਰ ਸਕੈਂਡਰੀ ਸਕੂਲ ਵਿਖੇ ਕੰਪਿਊਟਰ ਲੈਬ ਦਾ ਕੀਤਾ ਉਦਘਾਟਨ



ਨਵੀਂ ਦਿੱਲੀ, 2 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੂਲਾਂ ਵਿੱਚ ਬੱਚਿਆਂ ਨੂੰ ਅਧੁਨਿਕ ਸਹੂਲਤਾਂ ਨਾਲ ਸਿੱਖਿਆ ਦੇਣ ਦੇ ਮਕਸਦ ਤਹਿਤ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰੂ ਨਾਨਕ ਦੇਵ ਸੀਨੀਅਰ ਸੈਕੰਡਰੀ ਸਕੂਲ ਘਿਓ ਮੰਡੀ ਵਿਖੇ ਆਈ ਸੀ ਟੀ ਕੰਪਿਊਟਰ ਲੈਬ ਦਾ ਉਦਘਾਟਨ ਕੀਤਾ। ਇਸ ਮੌਕੇ ਗੱਲ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਬੇਹਤਰ ਬਨਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਇਸ ਕਾਰਜ ਲਈ ਸ਼੍ਰੋਮਣੀ ਕਮੇਟੀ ਦੇ ਬਜਟ ਵਿੱਚ ਵਿਸ਼ੇਸ਼ ਤੌਰ ਤੇ ਫੰਡ ਰੱਖੇ ਗਏ ਹਨ। ਐਡਵੋਕੇਟ ਧਾਮੀ ਨੇ ਅਧਿਆਪਕਾਂ ਨੂੰ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਦੀ ਪ੍ਰੇਰਨਾ ਕਰਦਿਆਂ ਕਿਹਾ ਕਿ ਚੰਗੇ ਸਮਾਜ ਦੀ ਸਿਰਜਣਾ ਵਿਚ ਅਧਿਆਪਕ ਦਾ ਵੱਡਾ ਯੋਗਦਾਨ ਹੁੰਦਾ ਹੈ। ਉਨ੍ਹਾ ਕਿਹਾ ਕਿ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਅਧਿਆਪਕਾਂ ਨੂੰ ਯਤਨ ਕਰਦੇ ਰਹਿਣਾ ਚਾਹੀਦਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਮੀਤ ਸਿੰਘ ਬੂਹ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਵਿਦਿਆ ਸ. ਸੁਖਮਿੰਦਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸਹਾਇਕ ਡਾਇਰੈਕਟਰ (ਸਕੂਲਜ਼) ਬੀਬੀ ਸਤਵੰਤ ਕੌਰ, ਸਕੂਲ ਦੇ ਪ੍ਰਿੰਸੀਪਲ ਬੀਬੀ ਮਨਿੰਦਰਪਾਲ ਕੌਰ, ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਬਰਤਾਨਵੀ ਗ੍ਰਹਿ ਵਿਭਾਗ ਨੇ ਕਿਸੇ ਵੀ ਖਾਲਿਸਤਾਨੀ ਦਾ ਖਾਤਾ ਜ਼ਬਤ ਕਰਨ ਦੇ ਦਾਅਵੇ ਨੂੰ ਕੀਤਾ ਖਾਰਜ




ਨਵੀਂ ਦਿੱਲੀ 2 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਕੁਝ ਮੀਡੀਆ ਵਲੋਂ ਬੀਤੇ ਦਿਨੀ ਦਾਅਵਾ ਕੀਤਾ ਗਿਆ ਸੀ ਕਿ ਖਾਲਿਸਤਾਨੀ ਸਮਰਥਕਾਂ ਦੇ 100 ਕਰੋੜ ਰੁਪਏ ਦੇ ਖਾਤੇ ਜ਼ਬਤ ਕਰ ਲਏ ਗਏ ਹਨ ਅਤੇ 5000 ਬੈਂਕ ਖਾਤਿਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ ਜਦ ਕਿ ਇਕੱਲੇ ਸਿੱਖ ਫਾਰ ਜਸਟਿਸ ਦੇ ਹੀ 20 ਕਰੋੜ ਰੁਪਏ ਜ਼ਬਤ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ । ਇਸ ਮਾਮਲੇ ਨੂੰ ਲੈ ਕੇ ਬਰਤਾਨਵੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ ਵੀ ਖਾਲਿਸਤਾਨੀ ਸਮਰਥਕ ਦਾ ਕੋਈ ਵੀ ਬੈਂਕ ਖਾਤਾ ਜ਼ਬਤ ਨਹੀਂ ਕੀਤਾ ਅਤੇ ਬਰਤਾਨੀਆ 'ਚ ਖਾਲਿਸਤਾਨੀ ਸਮਰਥਕਾਂ ਦੇ 300 ਬੈਂਕ ਖਾਤੇ ਜ਼ਬਤ ਕਰਨ ਸਬੰਧੀ ਛਪੀਆਂ ਖ਼ਬਰਾਂ ਗੁਮਰਾਹ ਕਰਣ ਵਾਲੀਆਂ ਹਨ । ਇਕ ਖ਼ਬਰ ਵਿਚ ਸੁਨਕ ਸਰਕਾਰ ਵਲੋਂ ਖਾਲਿਸਤਾਨੀ ਹਮਾਇਤੀਆਂ ਦਾ ਨੈੱਟਵਰਕ ਤੋੜਨ ਲਈ ਵਿਸ਼ੇਸ਼ ਟਾਸਕ ਫੋਰਸ ਬਣਾਏ ਜਾਣ ਦਾ ਵੀ ਦਾਅਵਾ ਕੀਤਾ ਗਿਆ ਸੀ। ਟਾਈਮਜ਼ ਅਖਬਾਰ ਨੇ ਗ੍ਰਹਿ ਵਿਭਾਗ ਦੇ ਹਵਾਲੇ ਨਾਲ ਉਕਤ ਖ਼ਬਰਾਂ ਦਾ ਖੰਡਨ ਕੀਤਾ ਹੈ। ਯੂ.ਕੇ. ਸਰਕਾਰ ਦੇ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਬਰਤਾਨੀਆ ਨੂੰ ਆਪਣੇ ਭਾਈਚਾਰਿਆਂ 'ਤੇ ਮਾਣ ਹੈ, ਬਰਤਾਨਵੀ ਸਿੱਖ ਸਾਡੇ ਸਮਾਜ ਦੀ ਮਜ਼ਬੂਤੀ ਵਿਚ ਵੱਡਾ ਯੋਗਦਾਨ ਪਾਉਂਦੇ ਹਨ। ਯੂ.ਕੇ. ਵਿਚ ਕੱਟੜਪੰਥ ਦਾ ਕੋਈ ਵੀ ਰੂਪ ਸਵੀਕਾਰਯੋਗ ਨਹੀਂ ਹੈ। ਸਿੱਖ ਫੈਡਰੇਸ਼ਨ ਯੂ.ਕੇ. ਦੇ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਅਸੀਂ ਤਾਂ ਉਸੇ ਸਮੇਂ ਇਸ ਨੂੰ ਯੂ.ਕੇ. ਦੇ ਰੱਖਿਆ ਮੰਤਰੀ ਦੇ ਧਿਆਨ ਵਿਚ ਲਿਆਂਦਾ ਸੀ, ਇਹ ਗੁੰਮਰਾਹਕੁੰਨ ਗਲਤ ਖ਼ਬਰ ਸੀ, ਜਿਸ ਨੂੰ ਅਫਵਾਹ ਵਜੋਂ ਪ੍ਰਚਾਰਿਆ ਜਾ ਰਿਹਾ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

ਪਿੰਡ ਚੰਨਣਕੇ ਵਿੱਚ

# ਪੰਜ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਗਏ









ਆਵਾਜ਼ਿ ਕੌਮ AWAZE QAUM International Newspaper & WEB TV









ਆਵਾਜ਼ਿ ਕੌਮ AWAZE QAUM International Newspaper & WEB TV

**ਚੌਕ ਮਹਿਤਾ, 2 ਅਪਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਪਿੰਡ ਚੰਨਣਕੇ ਦੇ ਐਨ, ਆਰ ਆਈ ਵਾਰਸ ਬਲਹਾਰ ਸਿੰਘ ਸੁਖਰਾਜ ਸਿੰਘ ਨੇ ਆਪਣੇ ਬਜੁਰਗਾਂ ਸ, ਅਰਜਨ ਸਿੰਘ (ਦਾਦਾ) ਮਾਸਟਰ ਝਿਰਮਲ ਸਿੰਘ, ਮਾਸਟਰ ਨਿਰਮਲ ਸਿੰਘ ਦੀ ਯਾਦ ਵਿੱਚ ਪੰਜ ਲੋੜਵੰਦ ਲੜਕੀਆਂ ਦੇ ਵਿਆਹ ਆਨੰਦ ਕਾਰਜ ਕਰਵਾਏ ਗਏ। ਇਸ ਦੌਰਾਨ ਲੜਕੀਆਂ ਨੂੰ ਘਰ ਵਰਤਨ ਲਈ ਯੋਗ ਸਮਾਨ ਵੀ ਦਿੱਤਾ ਗਿਆ।ਜੌੜੀਆ ਨੂੰ ਆਸ਼ੀਰਵਾਦ ਦੇਣ ਲਈ ਉਨ੍ਹਾਂ ਦਾ ਸਾਰਾ ਪਰਿਵਾਰ ਹਾਜ਼ਰ ਹੋਇਆ। ਇਸ ਦੌਰਾਨ ਟੈਲੀਫੋਨ ਤੇ ਪਿੰਡ ਦੇ ਸਾਬਕਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਰਣਜੀਤ ਸਿਘ ਰੰਧਾਵਾ ਜੀ ਨੇ ਜੌੜਿਆਂ ਨੂੰ ਆਸ਼ੀਰਵਾਦ ਦਿੱਤਾ ਗਿਆ। ਇਸ ਦੌਰਾਨ ਸਮਾਜ ਸੇਵੀ ਆਕਾਸ਼ ਟਰਾਂਸਪੋਰਟ ਡੁੱਬਈ ਦੇ ਮਾਲਕ ਸ, ਹਰਜਿੰਦਰ ਸਿੰਘ ਜਲਾਲ ਉਸਮਾ, ਅਤੇ ਸਮਾਜ ਸੇਵੀ ਮਾਸਟਰ ਗੁਰਪਰੀਤ ਸਿੰਘ ਜਲਾਲ ਉਚੇਚੇ ਤੌਰ ਤੇ ਸੁਭਾਗ ਭਰੀਆਂ ਜੌੜੀਆਂ ਨੂੰ ਆਸ਼ੀਰਵਾਦ ਦਿੱਤਾ ਗਿਆ। ਇਸ ਮੌਕੇ ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ, ਹਰਵਿੰਦਰ ਸਿੰਘ, ਇਕਬਾਲ ਸਿੰਘ,ਹਰਭਾਲ ਸਿੰਘ , ਸਮਾਜ ਸੇਵੀ ਸ, ਹਰਜਿੰਦਰ ਸਿੰਘ ਜਲਾਲ ਉਸਮਾ, ਸਮਾਜ ਸੇਵੀ ਮਾਸਟਰ ਗੁਰਪਰੀਤ ਸਿੰਘ ਜਲਾਲ, ਕੁਲਵਿੰਦਰ ਸਿੰਘ ਮਿੱਠਾ, ਜਥੇਦਾਰ ਹਰਗੋਪਾਲ ਸਿੰਘ ਚੌਕ ਮਹਿਤਾ, ਪ੍ਰਧਾਨ ਹਰਜੀਤ ਸਿੰਘ ਫੋਜੀ,ਆਦਿ ਸੰਗਤਾਂ ਹਾਜ਼ਰ ਸਨ। ਚਾਹ ਪਕੌੜੇ, ਮਠਿਆਈ ਮਠਿਆਈਆਂ ਠੰਡੇ, ਗੁਰੂ ਜੀ ਲੰਗਰ ਅਟੁੱਟ ਵਰਤਿਆ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਸ. ਤਰਨਜੀਤ ਸਿੰਘ ਸੰਧੂ ਦੇ ਸੱਦੇ 'ਤੇ ਪਹਿਲੀ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ ਅੰਮ੍ਰਿਤਸਰ ਪਹੁੰਚਿਆ

# ਰਾਜਦੂਤ ਸੰਧੂ ਅੰਤਰਰਾਸ਼ਟਰੀ ਬਰਾਂਡ, ਉਨ੍ਹਾਂ ਦੀ ਵਜ੍ਹਾ ਨਾਲ ਅਮਰੀਕੀ ਕੰਪਨੀਆਂ ਇਥੇ ਆਉਣਗੀਆਂ: ਡਾ. ਮੁਕੇਸ਼ ਆਘੀ







**ਅੰਮ੍ਰਿਤਸਰ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅਮਰੀਕੀ ਕੰਪਨੀਆਂ ਦਾ ਅੰਮ੍ਰਿਤਸਰ ਵਿਚ ਨਿਵੇਸ਼ ਕਰਨ ਦਾ ਰਾਹ ਪੱਧਰਾ ਹੋ ਰਿਹਾ ਹੈ। ਅੱਜ ਅਮਰੀਕਾ 'ਚ ਭਾਰਤ ਦੇ ਰਾਜਦੂਤ ਰਹੇ ਸ. ਤਰਨਜੀਤ ਸਿੰਘ ਸੰਧੂ ਜੋ ਕਿ ਅੰਮ੍ਰਿਤਸਰ ਲੋਕ ਸਭਾ ਹਲਕੇ ਲਈ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਵੀ ਹਨ ਦੇ ਸੱਦੇ 'ਤੇ ਪਹਿਲੀ ਵਾਰ ਗੁਰੂ ਨਗਰੀ ਪਹੁੰਚੇ ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਡਾ. ਮੁਕੇਸ਼ ਆਘੀ ਨੇ ਸਾਬਕਾ ਰਾਜਦੂਤ ਸੰਧੂ ਨੂੰ ਅੰਤਰਰਾਸ਼ਟਰੀ ਬਰਾਂਡ ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਵਜ੍ਹਾ ਨਾਲ ਅਮਰੀਕੀ ਕੰਪਨੀਆਂ ਇਥੇ ਆਉਣਗੀਆਂ।

ਡਾ. ਮੁਕੇਸ਼ ਆਘੀ ਇਥੇ ਸਥਾਨਕ ਹੋਟਲ ਵਿਖੇ ਭਾਰਤ-ਅਮਰੀਕਾ ਰਣਨੀਤਕ ਭਾਈਵਾਲੀ ਫੋਰਮ ਅਤੇ ਫਿੱਕੀ ਦੇ ਸਹਿਯੋਗ ਨਾਲ ਕਰਾਏ ਗਏ ਸਿੱਖਿਆ ਅਤੇ ਹੁਨਰ ਸੰਮੇਲਨ 2024 ਨੂੰ ਸੰਬੋਧਨ ਕਰਨ ਆਏ ਸਨ। ਇਸ ਸੰਮੇਲਨ ਵਿਚ ਕਾਲਜਾਂ ਦੇ ਵਿਦਿਆਰਥੀ, ਨੌਜਵਾਨ, ਅਧਿਆਪਕ ਅਤੇ ਪ੍ਰਿੰਸੀਪਲਾਂ ਨੇ ਭਾਰੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਡਾ. ਮੁਕੇਸ਼ ਆਘੀ ਨੇ ਕਿਹਾ ਕਿ ਸਰਦਾਰ ਸੰਧੂ ਨੇ ਸਾਨੂੰ ਅੰਮ੍ਰਿਤਸਰ ਆਉਣ ਦਾ ਸੱਦਾ ਦਿੱਤਾ, ਜਿਸ ਵੱਲੋਂ ਭਾਰਤ ਅਮਰੀਕਾ ਸੰਬੰਧਾਂ 'ਚ ਵਧੇਰੇ ਸੁਧਾਰ ਲਿਆਉਣ ਕਾਰਨ ਦੋਹਾਂ ਦੇਸ਼ਾਂ ਵਿਚ ਭਾਈਵਾਲੀ ਤੇਜ਼ੀ ਨਾਲ ਅੱਗੇ ਵੱਧ ਰਹੀ ਹੈ, ਹੁਣ ਅਮਰੀਕਾ ਅਤੇ ਅੰਮ੍ਰਿਤਸਰ ਦਰਮਿਆਨ ਸੰਬੰਧ ਵੀ ਮਜ਼ਬੂਤ ਹੋਣਗੇ। ਅਸੀਂ ਇਥੇ ਨੌਜਵਾਨਾਂ ਦੇ ਜਜ਼ਬਾਤਾਂ ਤੋਂ ਜਾਣੂ ਹੋਏ ਹਾਂ, ਉਹ ਬਹੁਤ ਕੁਝ ਕਰਨਾ ਚਾਹੁੰਦੇ ਹਨ ਅਤੇ ਜ਼ਿੰਦਗੀ ਵਿਚ ਅੱਗੇ ਵਧਣਾ ਚਾਹੁੰਦੇ ਹਨ। ਇੱਥੋਂ ਦੇ ਨੌਜਵਾਨਾਂ ਨੂੰ ਸਮਰੱਥ ਬਣਾਉਣ ਲਈ ਹੁਨਰਮੰਦ ਸਿੱਖਿਆ ਪ੍ਰਦਾਨ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਅਮਰੀਕੀ ਕੰਪਨੀਆਂ ਦੇ ਨਿਵੇਸ਼ ਨਾਲ ਭਾਰਤ 'ਚ ਲੱਖਾਂ ਨੌਕਰੀਆਂ ਦਾ ਸਬੱਬ ਬਣਿਆ ਹੈ।

### ਆਪ 'ਤੇ ਭਰੋਸਾ ਕਰਨਾ ਸਿੱਖੋ, ਸਾਥ ਮਿਲ ਕੇ ਕੰਮ ਕਰਾਂਗੇ, ਸੁਪਨੇ ਵੀ ਪੂਰੇ ਹੋਣਗੇ ਤੇ ਕਾਮਯਾਬੀ ਵੀ ਕਦਮ ਚੁੰਮੇਗੀ: ਤਰਨਜੀਤ ਸਿੰਘ ਸੰਧੂ

ਇਸ ਮੌਕੇ ਭਾਰਤ ਦੀ ਕਰੀਬ ਸੌ ਸਾਲ ਪੁਰਾਣੀ ਉੱਘੇ ਨੈਸ਼ਨਲ ਚੈਂਬਰ ਆਫ਼ ਕਾਮਰਸ, ਫਿੱਕੀ ਦੇ ਸੈਕਟਰੀ ਜਨਰਲ ਸ਼ੈਲੇਸ਼ ਪਾਠਕ ਨੇ 30 ਸ਼ਾਲ ਤੋਂ ਘੱਟ ਨੌਜਵਾਨਾਂ ਨੂੰ ਖ਼ੁਸ਼ਿਕਸਮਤ ਕਰਾਰ ਦਿੰਦਿਆਂ ਕਿਹਾ ਕਿ ਭਾਰਤ 'ਚ ਇਨ੍ਹੀਂ ਤਰੱਕੀ ਕਦੀ ਨਹੀਂ ਦੇਖੀ ਗਈ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ 30 ਸ਼ਾਲਾਂ ਦੇ ਮੁਕਾਬਲੇ ਕੇਵਲ 10 ਸ਼ਾਲਾਂ ਵਿਚ ਬਹੁਤ ਕੁਝ ਹੋਇਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਅੱਗੇ ਵਧਣ ਲਈ ਉਨ੍ਹਾਂ ਕੋਲ ਹੁਨਰ ਦਾ ਹੋਣਾ ਜ਼ਰੂਰੀ ਹੈ ਅਤੇ ਤਰਨਜੀਤ ਸਿੰਘ ਸੰਧੂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਬਿਹਤਰੀਨ ਸਕਿੱਲ ਕਿਵੇਂ ਦਿਵਾਇਆ ਜਾ ਸਕਦਾ ਹੈ, ਇਹ ਸੰਧੂ ਤੋਂ ਬਿਹਤਰ ਕੌਣ ਜਾਣ ਸਕਦਾ ਹੈ। ਉਨ੍ਹਾਂ ਕਿਹਾ ਕਿ ਫਿੱਕੀ ਦਾ ਤਜਰਬਾ ਹੈ ਕਿ ਕੰਪਨੀਆਂ ਨੂੰ ਚੰਗੇ ਹੁਨਰਮੰਦ ਲੋਕ ਨਹੀਂ ਮਿਲਦੇ। ਤੁਹਾਨੂੰ ਕੰਪਨੀਆਂ ਵਿਚ ਇੰਟਰਨਸ਼ਿਪ ਕਰਨ ਦੀ ਜ਼ਰੂਰਤ ਹੈ,ਅਸੀਂ ਮਦਦ ਕਰਾਂਗੇ।



ਸਾਬਕਾ ਰਾਜਦੂਤ ਸ. ਤਰਨਜੀਤ ਸਿੰਘ ਸੰਧੂ ਨੇ ਵਿਦਿਆਰਥੀਆਂ ਦੀ ਉਮੀਦ ਜਗਾਉਂਦਿਆਂ ਕਿਹਾ ਕਿ ਤੁਹਾਨੂੰ ਆਪਣੇ ਆਪ 'ਤੇ ਭਰੋਸਾ ਕਰਨਾ ਹੋਵੇਗਾ। ਆਪਾਂ ਸਾਥ ਮਿਲ ਕੇ ਕੰਮ ਕਰਾਂਗੇ। ਤੁਹਾਡੇ ਸੁਪਨੇ ਜ਼ਰੂਰ ਪੂਰੇ ਹੋਣਗੇ ਤੇ ਕਾਮਯਾਬੀ ਤੁਹਾਡੇ ਕਦਮ ਚੁੰਮੇਗੀ। ਉਨ੍ਹਾਂ ਨਵੀਂ ਪੀੜ੍ਹੀ ਨੂੰ ਬਦਲਵੇਂ ਪ੍ਰਬੰਧਾਂ ਬਾਰੇ ਜਾਣੂ ਕਰਾਉਂਦਿਆਂ ਕਿਹਾ ਕਿ ਡਿੱਗਰੀਆਂ ਨਾਲ ਹੀ ਨਹੀਂ ਪਰ ਸਕਿੱਲ ਤੋਂ ਬਿਨਾਂ ਅੱਗੇ ਨਹੀਂ ਵਧਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਪਹਿਲਾਂ ਸਭ ਕੁਝ ਸੀ, ਹੁਣ ਵੀ ਸਾਡੇ ਕੋਲ ਬਹੁਤ ਅਵਸਰ ਹਨ, ਸ਼ਹਿਰ ਦੀ ਸ਼ਾਨ ਮੁੜ ਹਾਸਲ ਕਰਨਾ ਹੋਵੇਗਾ। ਇੰਦੌਰ ਕਿਥੋਂ ਦਾ ਕਿਥੇ ਪਹੁੰਚ ਗਿਆ ਅੰਮ੍ਰਿਤਸਰ ਨੂੰ ਨੂੰ ਬਦਲਣ ਦਾ ਵੇਲਾ ਆ ਗਿਆ ਹੈ। ਉਨ੍ਹਾਂ ਕਿਹਾ ਕਿ ਯੂ.ਐੱਸ.ਆਈ.ਐੱਸ.ਪੀ.ਐੱਫ਼ ਦੁਨੀਆ ਦੀਆਂ ਟੌਪ 500 ਕੰਪਨੀਆਂ ਵਿਚੋਂ 400 ਕੰਪਨੀਆਂ ਨਾਲ ਸੰਬੰਧ ਰੱਖਦਾ ਹੈ। ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਕੰਪਨੀਆਂ ਭਾਰਤ 'ਚ ਨਿਵੇਸ਼ ਕਰ ਰਹੀਆਂ ਹਨ, ਹੁਣ ਇਹ ਨਿਵੇਸ਼ ਅੰਮ੍ਰਿਤਸਰ ਵੀ ਆਵੇਗਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਚੰਗੀ ਆਮਦਨੀ ਦੇ ਮੌਕੇ ਮਿਲਣ ਤਾਂ ਉਹ ਬਾਹਰ ਕਿਉਂ ਜਾਣਗੇ? ਪੰਜਾਬ ਦੀ ਜਵਾਨੀ ਹੁਣ ਵਿਦੇਸ਼ਾਂ ਵਿਚ ਰੁਲਨ ਨਹੀਂ ਦਿਆਂਗੇ। ਨਾ ਹੀ ਮੈਕਸੀਕੋ ਬਾਡਰ 'ਤੇ ਕਿਸੇ ਨੌਜਵਾਨ ਨੂੰ ਹਾਦਸੇ ਦਾ ਸ਼ਿਕਾਰ ਹੋਣ ਦਿਆਂਗੇ। ਉਨ੍ਹਾਂ ਕਿਹਾ ਕਿ ਡਾ. ਮੁਕੇਸ਼ ਆਘੀ ਅਤੇ ਸ਼ੈਲੇਸ਼ ਪਾਠਕ ਦੇ ਇਥੇ ਆਉਣ ਦਾ ਪੂਰਾ ਫ਼ਾਇਦਾ ਉਠਾਇਆ ਜਾਵੇਗਾ। ਉਹਨਾਂ ਕਿਹਾ ਕਿ ਮੈਂ ਨੂੰ ਉਮੀਦ ਹੈ ਕਿ ਮੇਰੇ ਪੁਰਾਣੇ ਸੰਬੰਧ ਅਮਰੀਕੀ ਕੰਪਨੀਆਂ ਨੂੰ ਇਥੇ ਲਿਆਉਣ 'ਚ ਕੰਮ ਆਵੇਗਾ। ਉਨ੍ਹਾਂ ਕਿਹਾ ਕਿ ਹਰਿਆਣਾ ਅਤੇ ਹੋਰਨਾਂ ਰਾਜਾਂ ਦੀਆਂ ਕੁੜੀਆਂ ਖੇਡਾਂ ਵਿਚ ਅੱਗੇ ਨਿਕਲ ਰਹੀਆਂ ਹਨ ਤਾਂ ਆਪਾਂ ਪਿੱਛੇ ਕਿਉਂ ਹਾਂ? ਦੋ ਸ਼ਾਲ ਬਾਅਦ ਅੰਮ੍ਰਿਤਸਰ ਵਿਚ ਆਈ ਪੀ ਐੱਲ ਮੈਚ ਹੋਣਗੇ। ਅੰਮ੍ਰਿਤਸਰ ਵਿਚ ਸਪੋਰਟਸ ਨੂੰ ਮੁੜ ਖੜ੍ਹਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਤਜਰਬਾ ਵੰਡਣ ਲਈ ਮੈਂ ਤੁਹਾਡੇ ਵਿਚ ਹਰ ਵਕਤ ਹਾਜ਼ਰ ਹਾਂ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਸੈਕਟਰ ਨੂੰ ਅੰਮ੍ਰਿਤਸਰ ਲਿਆਉਣਾ ਹੋਵੇਗਾ।

ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਟੂਰਿਜ਼ਮ ਲਈ ਵਧੇਰੇ ਅਵਸਰ ਹਨ। ਨੌਜਵਾਨ ਸਟਾਰਟਅੱਪ ਸ਼ੁਰੂ ਕਰ ਸਕਦੇ ਹਨ। ਅੰਮ੍ਰਿਤਸਰ ਲਈ ਏਅਰ ਕੁਨੈਕਟੀਵਿਟੀ 'ਚ ਵਾਧਾ ਕਰਨ ਦੀ ਲੋੜ ਹੈ। ਏਅਰ ਕੈਨੇਡਾ ਅੰਮ੍ਰਿਤਸਰ ਉੱਤਰਨ ਲਈ ਤਿਆਰ ਹੈ। ਇਥੇ ਅਮਰੀਕਨ ਕੌਂਸਲੇਟ ਜਲਦ ਖੁਲ੍ਹਵਾਇਆ ਜਾਵੇਗਾ। ਇੱਥੋਂ ਹੀ ਵੀਜ਼ਾ ਮਿਲਿਆ ਕਰੇਗਾ। ਅੰਤਰਰਾਸ਼ਟਰੀ ਵਪਾਰ ਲਈ ਇਥੇ ਅਵਸਰਾਂ ਦੀ ਕਮੀ ਨਹੀਂ ਕਾਰਗੋ ਰਾਹੀਂ ਅੰਮ੍ਰਿਤਸਰ ਤੋਂ ਫਲ਼, ਸਬਜ਼ੀਆਂ ਅੰਮ੍ਰਿਤਸਰ ਦੇ ਗਹਿਣੇ, ਜੁੱਤੀਆਂ, ਫੁਲਕਾਰੀ ਆਦਿ ਵਿਦੇਸ਼ਾਂ ਨੂੰ ਭੇਜੀਆਂ ਜਾ ਸਕਦੀਆਂ ਹਨ। ਸਥਾਨਕ ਕਾਰੋਬਾਰਾਂ ਨੂੰ ਪ੍ਰਮੁੱਖ ਗਲੋਬਲ ਉਦਯੋਗਿਕ ਬ੍ਰਾਂਡਾਂ ਨਾਲ ਸਾਂਝੇਦਾਰੀ ਕਰਨ ਦਾ ਮੌਕਾ ਪ੍ਰਦਾਨ ਕਰਕੇ ਅੰਮ੍ਰਿਤਸਰ ਦੇ ਆਰਥਿਕ ਵਿਕਾਸ ਲਈ ਕੰਮ ਕੀਤਾ ਜਾ ਸਕਦਾ ਹੈ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਲੁਬਾਣਾ ਦੇ

# ਐਨ. ਐਸ. ਕਿਊ. ਐਫ ਕੰਸਟ੍ਰਕਸ਼ਨ ਵਿਸ਼ੇ ਦੇ ਵਿਦਿਆਰਥੀਆਂ ਨੂੰ ਟੂਲ ਕਿੱਟਾਂ ਵੰਡੀਆਂ

**ਚੌਕ ਮਹਿਤਾ, 2 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਐਨ.ਐਸ.ਕਿਊ.ਐਫ ਵੋਕੇਸਨਲ (ਕਿੱਤਾਮੁੱਖੀ)ਸਿੱਖਿਆ ਜੋ ਨੌਜਵਾਨਾਂ ਲਈ ਰੁਜਗਾਰ ਮੁਹੱਈਆ ਕਰਵਾਉਂਣ ਤੇ ਨਾਲ ਨਾਲ ਨੌਜਵਾਨੀ ਨੂੰ ਰੁਜ਼ਗਾਰ ਦੇਣ ਦੇ ਕਾਬਿਲ ਬਣਾਉਦੀ ਹੈ॥ ਪਿਛਲੇ ਕੁੱਝ ਸਾਲਾਂ ਤੋਂ ਦੇਸ਼ ਦੇ ਸਰਕਾਰੀ ਸਕੂਲਾਂ ਚ ਐਨ. ਐਸ. ਕਿਊ. ਐਫ ਪੜਾਈ ਰਾਹੀ ਵਿਦਿਆਰਥੀਆਂ ਦੀ ਨੌਵੀ ਤੋ ਬਾਰਵੀਂ ਦੀ ਪੜਾਈ ਦੇ ਦੌਰਾਨ ਨੌਜਵਾਨਾਂ ਚ ਇੱਕ ਖਾਸ ਕਿੱਤੇ ਪ੍ਰਤੀ ਰੁਚੀ ਪੈਦਾ ਕੀਤੀ ਜਾਂਦੀ ਹੈ ਜਿਸ ਬਦੌਲਤ ਬਹੁਤਾਤ ਨੌਜਵਾਨ ਅਗਲੇਰੀ ਪੜਾਈ ਕਰਨ ਦੀ ਬਿਜਾਏ ਹੁਨਰਮੰਦ ਬਣਕੇ ਰੁਜ਼ਗਾਰ ਪ੍ਰਾਪਤ ਕਰਦੇ ਹਨ॥ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਪੁਰ ਲੁਬਾਣਾ ਵਿਖੇ ਕੰਸ਼ਟ੍ਰਕਸਨ ਵਿਸੇ ਦੇ ਵਿਦਿਆਰਥੀਆਂ ਨੂੰ ਮਾਨਯੋਗ ਪ੍ਰਿੰਸੀਪਲ ਸ੍ਰੀਮਤੀ ਪੁਨੀਤ ਪੁਰੀ ਜੀ ਦੀ ਯੋਗ ਅਗਵਾਈ ਹੇਠ ਟੂਲ ਕਿੱਟਾਂ ਵੰਡੀਆਂ ਗਈਆਂ ॥ਵਿਦਿਆਰਥੀਆਂ ਚ ਭਾਰੀ ਖੁਸ਼ੀ ਸੀ ਕਿਉਕਿ ਉਹਨਾਂ ਨੂੰ ਉਸਾਰੀ ਕਿੱਤੇ ਲਈ ਜ਼ਰੂਰੀ ਸੰਦ ਦਿੱਤੇ ਗਏ ਤਾਂ ਜੋ ਉਹਨਾ ਚ ਕੰਮ ਕਰਨ ਦੀ ਰੁਚੀ ਵਧਣ ਦੇ ਨਾਲ ਨਾਲ ਉਹਨਾਂ ਨੂੰ ਭਵਿੱਖ ਚ ਕੋਈ ਸਮੱਸਿਆ ਨ ਆਵੇ॥ ਨੌਜਵਾਨਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਪਿਛਲੇ ਸਾਲ ਵਿਦਿਆਰਥੀਆਂ ਨੇ ਕਿੱਟਾਂ ਪ੍ਰਾਪਤ ਕਰਕੇ ਖੁਦ ਟਾਈਲਾਂ ਲਗਾਉਣ ਦਾ ਰੁਜ਼ਗਾਰ ਸ਼ੁਰੂ ਕੀਤਾ ਹੈ ਤੇ ਬਹੁਤ ਮਿਹਨਤ ਨਾਲ ਖੁਦ ਦਾ ਰੁਜਗਾਰ ਸਥਾਪਿਤ ਕਰ ਲਿਆ ॥ ਇਸ ਦੌਰਾਨ ਸ੍ਰੀਮਤੀ ਪੁਨੀਤ ਪੁਰੀ ਜੀ ਨੇ ਦੱਸਿਆ ਕਿ ਇਹ ਵਧੀਆ ਉਪਰਾਲਾ ਹੈ ਕਿਉਕਿ 4 ਸਾਲ ਦੀ ਕਿੱਤਾ ਮੁੱਖੀ ਸਿੱਖਿਆ ਦੇਣ ਤੋਂ ਬਾਅਦ ਵਿਦਿਆਰਥੀਆਂ ਨੂੰ ਸਾਮਾਨ ਮੁਹੱਈਆ ਕਰਵਾਇਆ ਜਾਦਾ ਹੈ ਤਾਂ ਜੋ ਪੜਾਈ ਪੂਰੀ ਕਰਨ ਉਪਰੰਤ ਖੁਦ ਕੰਮ ਕਰਨ ਦੇ ਕਾਬਿਲ ਹੋ ਜਾਣ ਤੇ ਉਹਨਾਂ ਨੂੰ ਕੋਈ ਸਮੱਸਿਆ ਨ ਆਵੇ ॥ ਉਹਨਾਂ ਦੱਸਿਆ ਕਿ ਪੜਾਈ ਦੇ ਦੌਰਾਨ ਵਿਦਿਆਰਥੀਆਂ ਦੇ ਹੁਨਰ ਮੁਕਾਬਲੇ ਵੀ ਕਰਵਾਏ ਜਾਂਦੇ ਹਨ ਤਾਂ ਜੋ ਵਿਦਿਆਰਥੀਆ ਦੀ ਰੁਚੀ ਚ ਵਾਧਾ ਹੋ ਸਕੇ ਇਸ ਦੌਰਾਨ ਪ੍ਰਿੰਸੀਪਲ ਸ੍ਰੀਮਤੀ ਪੁਨੀਤ ਪੁਰੀ ਜੀ, ਸ੍ਰੀਮਤੀ ਰਜਵੰਤ ਕੌਰ, ਸਰਦਾਰ ਸੁਰਜੀਤ ਸਿੰਘ, ਸਰਦਾਰ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।




# ਪੰਜਾਬ ਦੇ ਵਾਸੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ : ਰਣਜੀਤ ਸਿੰਘ ਰੰਧਾਵਾ



ਧੂਰੀ ( ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ, ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਬਚਾਓ ਯਾਤਰਾ ਕੱਢੀ ਜਾ ਰਹੀ ਹੈ ਜਿਸ ਵਿੱਚ ਪੰਜਾਬ ਵਾਸੀਆਂ ਨੂੰ ਲੁੱਟਣ ਵਾਲੀ ਪਾਰਟੀ ਤੋਂ ਬਚਣ ਬਾਰੇ ਦੱਸਿਆ ਜਾ ਰਿਹਾ। ਜਿਸ ਨੂੰ ਹਰ ਹਲਕੇ ਪਿੰਡਾਂ,ਸ਼ਹਿਰਾਂ ਵਿੱਚ ਭਰਮਾ ਹੁੰਗਾਰਾ ਮਿਲ ਰਿਹਾ ਹੈ ਅਤੇ ਨੌਜਵਾਨ ਵਰਗ ਵੱਧ ਚੜ੍ਹ ਕੇ ਹਿੱਸਾ ਲੈ ਰਿਹਾ ਹੈ ਕਿਉਂਕਿ ਪੰਜਾਬ ਦੇ ਵਾਸੀ ਜਾਣਦੇ ਹਨ ਕਿ ਪੰਜਾਬ ਵਿੱਚ ਜਦੋਂ ਵੀ ਕੋਈ ਮੁਸੀਬਤ ਆਉਂਦੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੇ ਹੱਕ ਵਿੱਚ ਡੱਟ ਕੇ ਖੜਦੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਲਕਾ ਧੂਰੀ ਦੇ ਉੱਘੇ ਸਮਾਜ ਸੇਵੀ ਸ, ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਕੀਤਾ। ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਈਡੀ ਵੱਲੋਂ ਫੜ ਕੇ ਜਿੱਥੇ ਜੇਲ ਭੇਜ ਦਿੱਤਾ ਗਿਆ ਇਸ ਤੋਂ ਸਿੱਧ ਹੁੰਦਾ ਹੈ ਕਿ ਆਮ ਆਦਮੀ ਪਾਰਟੀ ਕਿੰਨੀ ਕੁ ਇਮਾਨਦਾਰ ਪਾਰਟੀ ਹੈ। ਜਿਆਦਾ ਇਮਾਨਦਾਰੀ ਬਾਰੇ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਹੈ , ਸਾਰੀਆਂ ਅਖਬਾਰ ਟੀਵੀ, ਚੈਨਲਾਂ ਤੇ ਸੁਰਖੀਆਂ ਹੀ ਦੱਸਦੀਆਂ ਹਨ ਕਿ ਪੰਜਾਬ ਦੇ ਵਾਸੀ ਕਿਹੜੀ ਪਾਰਟੀ ਨੂੰ ਪਸੰਦ ਕਰਦੇ ਹਨ। ਉਹਨਾਂ ਕਿਹਾ ਕਿ ਪਾਰਟੀ ਪ੍ਰਧਾਨ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਨਾਲ ਸਮਝੌਤਾ ਨਾ ਕਰਕੇ ਸਹੀ ਫੈਸਲਾ ਕੀਤਾ ਹੈ, ਜਿਸ ਦੇ ਨਾਲ ਇਹ ਸਿੱਧ ਕਰ ਦਿੱਤਾ ਹੈ ਕਿ ਪੰਜਾਬ ਦੇ ਕਿਸਾਨਾਂ ਦੇ ਹੱਕਾਂ ਦੀ ਲੜਾਈ ਲੜਨ ਵਾਲੀ ਇਕੋ ਇਕ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੀ ਹੈ। ਜਿਸ ਨੂੰ ਪੰਜਾਬ ਦੇ ਲੋਕ ਬਹੁਤ ਜ਼ਿਆਦਾ ਪਿਆਰ ਕਰਦੇ ਹਨ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ ਵਿੱਚ ਵੱਡਾ ਫਤਵਾ ਦੇ ਕੇ ਪੰਜਾਬ ਦੇ ਵਾਸੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ।

### ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਦਾ

# ਪੰਜਵੀਂ ਦਾ ਨਤੀਜਾ ਰਿਹਾ ਸੌ ਫ਼ੀਸਦੀ



ਤਲਵੰਡੀ ਸਾਬੋ, 02 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)– ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਜ ਐਲਾਨੇ ਗਏ ਪੰਜਵੀਂ ਜਮਾਤ ਦੇ ਨਤੀਜੇ ਵਿੱਚ ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਤ ਪ੍ਰਤੀਸ਼ਤ ਰਿਹਾ। ਉਕਤ ਸਕੂਲ ਦੇ 32 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜਿਸ ਵਿੱਚ ਸਾਰੇ






ਵਿਦਿਆਰਥੀਆਂ ਨੇ ਫਸਟ ਡਵੀਜ਼ਨ ਹਾਸਲ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਸ੍ਰ. ਲਖਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਮਨਸ਼ਿਕਾ ਪੁੱਤਰੀ ਸ੍ਰੀ ਕੁਲਦੀਪ ਕੁਮਾਰ ਪਿੰਡ ਲਹਿਰੀ ਨੇ 500 'ਚੋਂ 491 ਨੰਬਰ ਲੈ ਕੇ 98.2% ਪ੍ਰਤੀਸ਼ਤ ਅੰਕਾਂ ਨਾਲ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ ਹੈ ਅਤੇ ਸੁਖਵੀਰ ਕੌਰ ਪੁੱਤਰੀ ਸ੍ਰ. ਹਰਦੀਪ ਸਿੰਘ ਪਿੰਡ ਲਹਿਰੀ ਨੇ 486/500 ਨੰਬਰ ਲੈ ਕੇ 97.2% ਪ੍ਰਤੀਸ਼ਤ ਨਾਲ ਦੂਸਰੀ ਪੁਜੀਸ਼ਨ ਹਾਸਲ ਕੀਤੀ ਹੈ ਜਦੋਂਕਿ ਹਰਜੀਤ ਕੌਰ ਪੁੱਤਰੀ ਕ੍ਰਿਸ਼ਨ ਸਿੰਘ ਪਿੰਡ ਜਗਾ ਰਾਮ ਤੀਰਥ ਅਤੇ ਸੁਖਮਨ ਸਿੰਘ ਪੁੱਤਰ ਸ੍ਰ. ਗੁਰਪਾਲ ਸਿੰਘ ਪਿੰਡ ਮਿਰਜ਼ੇਆਣਾ ਨੇ 500 ਚੋਂ 481 ਨੰਬਰ ਹਾਸਲ ਕਰਕੇ 96.2% ਪ੍ਰਤੀਸ਼ਤ ਅੰਕ ਹਾਸਲ ਕਰਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਬੱਚਿਆਂ ਦਾ ਮੂੰਹ ਮਿਠਾ ਕਰਵਾਉਣ ਮੌਕੇ ਸੰਸਥਾ ਦੇ ਪ੍ਰਧਾਨ ਸ਼੍ਰੀਮਤੀ ਜਸਵਿੰਦਰ ਕੌਰ ਸਿੱਧੂ ਅਤੇ ਸਕੱਤਰ ਸ਼੍ਰੀਮਤੀ ਪਰਮਜੀਤ ਕੌਰ ਨੇ ਜਿੱਥੇ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਉਥੇ ਦੱਸਿਆ ਕਿ ਮਨਸ਼ਿਕਾ ਨੇ ਹਿੰਦੀ ਅਤੇ ਗਣਿਤ ਵਿਸ਼ੇ 'ਚ 100 'ਚੋਂ 100 ਅੰਕ, ਸੁਖਵੀਰ ਕੌਰ ਨੇ ਗਣਿਤ ' ਚੋਂ 100/100, ਹਰਜੀਤ ਕੌਰ ਨੇ ਵਾਤਾਵਰਨ ਸਿੱਖਿਆ ਵਿਸ਼ੇ 'ਚੋਂ 100/100 ਅੰਕ ਅਤੇ ਸੁਖਮਨ ਸਿੰਘ ਨੇ ਗਣਿਤ ਵਿਸ਼ੇ 'ਚੋਂ 100 ਚੋਂ 100 ਅੰਕ ਹਾਸਲ ਕੀਤੇ ਹਨ। ਉਹਨਾਂ ਕਿਹਾ ਕਿ ਮਿਹਨਤੀ ਸਟਾਫ ਦੀ ਮਿਹਨਤ ਸਦਕਾ ਬੱਚਿਆਂ ਸ਼ਾਨਦਾਰ ਨਤੀਜਾ ਹਾਸਲ ਕੀਤਾ ਹੈ। ਇਸ ਮੌਕੇ ਸਮੁੱਚਾ ਸਟਾਫ ਮੌਜੂਦ ਸੀ।

### ਖਾਲਸਾ ਕਾਲਜ ਮਹਿਤਾ ਦੇ ਵਿਦਿਆਰਥੀ

# ਗੁ. ਡੇਰਾ ਬਾਬਾ ਨਾਨਕ ਵਿਖੇ ਹੋਏ ਨਮਸਤਕ




**ਚੌਕ ਮਹਿਤਾ, 2 ਅਪਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿਡਰਾਂਵਾਲ਼ਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਾਲਜ ਮਹਿਤਾ ਦੇ ਵਿਦਿਆਰੀਆਂ ਦਾ ਗੁਰਦੁਆਰਾ ਡੇਰਾ ਬਾਬਾ ਨਾਨਕ ਵਿਖੇ ਧਾਰਮਿਕ ਟੂਰ ਕਰਵਾਇਆ ਗਿਆ।ਇਸ ਦੌਰਾਨ ਵਿਦਿਆਰਥੀਆਂ ਨੂੰ ਗੁ.ਦਰਬਾਰ ਸਾਹਿਬ ਡੇਰਾ ਬਾਬਾ ਨਾਨਕ, ਸ੍ਰੀ ਚੋਲਾ ਸਾਹਿਬ ਅਤੇ ਪਵਿੱਤਰ ਖੂਹ ਦੇ ਦਰਸ਼ਨ ਕਰਵਾਏ ਗਏ ।ਕਾਲਜ ਦੇ ਪ੍ਰਿੰਸੀਪਲ ਸ.ਗੁਰਦੀਪ ਸਿੰਘ ਜਲਾਲ ਉਸਮਾ ਨੇ ਇਸ ਅਸਥਾਨ ਦੇ ਇਤਿਹਾਸ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਅਤੇ ਇਸ ਉਪਰੰਤ ਸਮੂਹ ਸੰਗਤਾਂ ਨੇ ਲੰਗਰ ਛਕਿਆ ।

ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਦਿਖਾਇਆ ਗਿਆ। ਜਿੱਥੇ ਜਾ ਕੇ ਸਭ ਨੇ ਉੱਥੇ ਦਾ ਸੁਹਾਵਣਾ ਵਾਤਾਵਰਨ ,ਦਿਲ ਖਿੱਚਵੇਂ ਕਲਾਕਾਰੀ ਦ੍ਰਿਸ਼, ਕਿਸਾਨੀ ਤੇ ਲੰਗਰ ਪ੍ਰਥਾ ਨੂੰ ਦਰਸਾਉਂਦੇ ਬੁੱਤ, ਪੱਥਰਾਂ ਤੇ ਤਰਾਸ਼ੀਆਂ ਗਈਆਂ ਗੁਰੂ ਸਾਹਿਬਾਨਾਂ ਅਤੇ ਭਗਤਾਂ ਦੀਆਂ ਲਿਖਤਾਂ,ਅਜਾਇਬ ਘਰ ਦੇ ਨਾਲ ਨਾਲ ਆਲੀਸ਼ਾਨ ਇਮਾਰਤਾਂ ਦਾ ਅਨੰਦ ਮਾਣਿਆ।

ਇਸ ਮੌਕੇ ਤੇ ਪ੍ਰਿੰਸੀਪਲ ਸਾਹਿਬ ਜੀ ਨੇ ਵਿੱਦਿਅਕ ਅਤੇ ਧਾਰਮਿਕ ਟੂਰ ਦੀ ਮਹੱਤਤਾ ਦਸਦਿਆਂ ਕਿਹਾ ਕੇ ਅਜੋਕੇ ਸਮੇਂ ਵਿੱਚ ਬੱਚਿਆ ਨੂੰ ਇਤਿਹਾਸ ਨਾਲ ਜੋੜੇ ਰੱਖਣ ਲਈ ਅਤੇ ਉਹਨਾਂ ਦੇ ਨੈਤਿਕ ਵਿਕਾਸ ਲਈ ਧਾਰਮਿਕ ਟੂਰ ਕਰਵਾਉਣੇ ਚਾਹੀਦੇ ਹਨ ਤਾਂ ਜੋ ਓਹਨਾ ਅੰਦਰ ਚੰਗੇ ਗੁਣਾਂ ਦਾ ਨਿਰਮਾਣ ਹੋ ਸਕੇ ।

ਇਸ ਟੂਰ ਵਿੱਚ ਕਾਲਜ ਦੇ ਪ੍ਰਿੰ.ਸ.ਗੁਰਦੀਪ ਸਿੰਘ ਜਲਾਲ ਉਸਮਾ, ਮੈਡਮ ਕੁਲਦੀਪ ਕੌਰ, ਮਨਜੀਤ ਕੌਰ, ਕਿਰਨਬੀਰ ਕੌਰ, ਪੂਰਤੀ ਸ਼ਰਮਾ,ਗੁਰਵਿੰਦਰ ਕੌਰ,ਗੁਰਸ਼ਰਨਪ੍ਰੀਤ ਕੌਰ,ਰੁਪਿੰਦਰ ਕੌਰ, ਕੁਲਜੀਤ ਕੌਰ, ਸੁਪਰੀਤ ਕੌਰ, ਨਵਨੀਤ ਕੌਰ,ਕਾਬਲ ਸਿੰਘ ਪੁਰਬਾ ਆਦਿ ਵੀ ਸ਼ਾਮਿਲ ਸਨ।

# ਸੰਜੇ ਸਿੰਘ ਦੇ ਰਿਹਾਅ ਹੋਣ ਨਾਲ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਲੋਕਾਂ ਦੇ ਸਾਹਮਣੇ ਆਇਆ : ਗੁਰਵਿੰਦਰ ਸਿੰਘ ਸੋਹੀ



ਧੂਰੀ ( ਰਣਜੀਤ ਸਿੰਘ ਪੇਧਨੀ ) ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਸੰਬੰਧੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਨੇਤਾ ਸੰਜੇ ਸਿੰਘ ਨੂੰ ਮੰਗਲਵਾਰ ਨੂੰ ਜ਼ਮਾਨਤ ਦੇ ਦਿੱਤੀ। ਸੁਪਰੀਮ ਕੋਰਟ 'ਚ ਤਿੰਨ ਜੱਜਾਂ ਸੰਜੀਵ ਖੰਨਾ, ਜੱਜ ਦੀਪਾਂਕਰ ਦੱਤਾ ਅਤੇ ਜੱਜ ਪੀ.ਬੀ. ਵਰਾਲੇ ਦੀ ਬੈਂਚ ਨੇ 6 ਮਹੀਨਿਆਂ ਤੋਂ ਜੇਲ੍ਹ 'ਚ ਬੰਦ ਸੰਜੇ ਸਿੰਘ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ।ਜਿਸ ਦੇ ਨਾਲ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਵਿੱਚ ਖੁਸ਼ੀ ਦੀ ਲਹਿਰ ਹੈ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵਕ ਸ, ਗੁਰਵਿੰਦਰ ਸਿੰਘ ਸੋਹੀ ਨੇ ਕੀਤਾ। ਉਹਨਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਚ ਮੋਦੀ ਸਰਕਾਰ ਬੁਖਲਾਹਟ ਚਾਹ ਚੁੱਕੀ ਹੈ ਉਹ ਆਪਣੀ ਹਾਰ ਦੇ ਡਰੋ ਈਡੀ ਦਾ ਆਸਰਾ ਲੈ ਕੇ ਸਰਾਬ ਘੁਟਾਲੇ ਵਿੱਚ ਇਮਾਨਦਾਰ ਆਗੂਆਂ ਤੇ ਝੂਠੇ ਪਰਚੇ ਪਾ ਕੇ ਨਜਾਇਜ਼ ਬੰਦ ਕਰ ਰਹੀ। ਸੰਜੇ ਸਿੰਘ ਦੀ ਜਮਾਨਤ ਨੇ ਸਿੱਧ ਕਰ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਆਪ ਦੇ ਕੌਮੀ ਕਨਵੀਨਰ ਵੀ ਜਲਦੀ ਰਿਹਾਅ ਹੋ ਕੇ ਬਾਹਰ ਆਉਣਗੇ ਜਿਸ ਦੇ ਨਾਲ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਲੋਕਾਂ ਦੇ ਸਾਹਮਣੇ ਆਵੇਗਾ। ਪਰ ਪੰਜਾਬ ਦੇ ਲੋਕਾਂ ਨੇ ਇਸ ਵਾਰ ਮਨ ਬਣਾ ਲਿਆ ਹੈ ਕਿ ਕੇਂਦਰ ਦੀ ਮੋਦੀ ਸਰਕਾਰ ਨੂੰ ਉਹ ਮੂੰਹ ਨਹੀਂ ਲਾਉਣਗੇ ਇਸ ਵਾਰ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ।

# ਖੇਡਾਂ ਚ ਚੰਗਾ ਪ੍ਰਦਰਸਨ ਕਰਨ ਵਾਲੇ ਖਿਡਾਰੀਆਂ ਦਾ ਮਾਨ ਸਰਕਾਰ ਕਰੇਗੀ ਸਨਮਾਨ: ਚੇਅਰਮੈਨ ਘੁੱਲੀ



ਧੂਰੀ ( ਰਣਜੀਤ ਸਿੰਘ ਪੇਧਨੀ ) ਪਿਛਲੇ ਦਿਨੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਦੇ ਪਿੰਡ ਭੋਜੋਵਾਲੀ ਵਿਖੇ ਐਨ ਆਰ ਆਈ ਭਰਾਵਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਦੇ ਨਾਲ ਦੂਜਾ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸ, ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕਿਟ ਕਮੇਟੀ ਧੂਰੀ ਨੇ ਬੱਚਿਆਂ ਅਸੀਰਵਾਦ ਦਿੱਤਾ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਘੁੱਲੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਖੇਡਾਂ ਦੇ ਹਰ ਖੇਤਰ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਮਾਨ ਸਰਕਾਰ ਵੱਲੋਂ ਚੰਗੇ ਇਨਾਮ ਦਿੱਤੇ ਜਾਣਗੇ। ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸਿਆਂ ਵਰਗੀ ਭਿਆਨਕ ਬਿਮਾਰੀ ਦਾ ਤਿਆਗ ਕਰਕੇ ਖੇਡਾਂ ਵੱਲ ਰੁਝਾਨ ਕਰਨ ਤਾਂ ਜੋ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਇਆ ਜਾ ਸਕੇ। ਇਸ ਮੌਕੇ ਉਹਨਾਂ ਦੇ ਨਾਲ ਆਪ ਦੇ ਸੀਨੀਅਰ ਆਗੂ ਜੱਗਾ ਸਿੰਘ ਭੋਜੋਵਾਲੀ, ਆਪ ਆਗੂ ਦਾਰਾ ਸਿੰਘ ਭੋਜੋਵਾਲੀ, ਆਪ ਆਗੂ ਗੁਰਵਿੰਦਰ ਸਿੰਘ ਭੋਜੋਵਾਲੀ, ਹਰਵਿੰਦਰ ਸਿੰਘ, ਹਰਪ੍ਰੀਤ ਸਿੰਘ, ਰੋਡਾ ਕਲੱਬ ਪਰਧਾਨ, ਕੁਲਜੀਤ ਸਿੰਘ ਮੈਬਰ, ਜੱਸਾ ਸਿੰਘ, ਨੰਬਰਦਾਰ ਗਗਨਦੀਪ ਸਿੰਘ , ਆਪ ਆਗੂ ਭਿੰਦਾ ਵਿਰਕ ਹਾਜਰ ਸਨ।

# ਚਾਰ ਬੱਚਿਆਂ ਦੀ ਮਾਂ ਮੇਰੇ ਲੜਕੇ ਨੂੰ ਲੈ ਕਿ ਘਰੋਂ ਹੋਈ ਫਰਾਰ ਪ੍ਰਸ਼ਾਸਨ ਦੋਵਾਂ ਨੂੰ ਫੜ ਕੇ ਕਰੇ ਕਾਨੂੰਨੀ ਕਾਰਵਾਈ ਅਮਰਜੀਤ ਸਿੰਘ

ਜੰਡਿਆਲਾ ਗੁਰੂ 2 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ) ਅੱਜ ਦੇ ਯੁੱਗ ਅੰਦਰ ਚਾਵਾਂ ਨਾਲ ਪਾਲੇ ਬੱਚੇ ਜਦੋ ਮਾਪਿਆਂ ਦੀ ਪ੍ਰਵਾਹ ਕੀਤਿਆਂ ਬਿਨਾਂ ਆਪਣੇ ਆਪ ਆਪਣੀ ਜ਼ਿੰਦਗੀ ਦੇ ਫੈਸਲੇ ਲੈ ਲੈਂਦੇ ਹਨ ਤਾਂ ਉਨ੍ਹਾਂ ਬੱਚਿਆਂ ਦੀ ਕੀਤੀਆਂ ਗਈਆਂ ਗ਼ਲਤੀਆਂ ਦੀ ਸਜਾ ਉਨ੍ਹਾਂ ਮਾਪਿਆਂ ਨੂੰ ਮਿਲਦੀ ਹੈ ਅਤੇ ਉਨ੍ਹਾਂ ਮਾਪਿਆਂ ਦਾ ਜਿਉਣਾ ਮੁਸ਼ਿਕਲ ਕਰ ਦਿੰਦੀਆਂ ਹਨ ਇਸੇ ਸਬੰਧੀ ਪਿੰਡ ਤਾਰਾਗੜ੍ਹ ਤੋਂ ਅਮਰਜੀਤ ਸਿੰਘ ਤੇ ਉਸ ਦੀ ਪਤਨੀ ਵੱਲੋਂ ਹੱਥ ਵਿੱਚ ਫੜੀ ਲੜਕੇ ਦੀ ਫੋਟੋ ਨੇ ਗੱਲਬਾਤ ਦੌਰਾਨ ਕਿਹਾ ਕਿ ਸਾਡਾ ਲੜਕਾ ਉਮਰ ਕਰੀਬ 21 ਸਾਲ ਜੋ ਸਕਿਓਰਟੀ ਗਾਰਡ ਦੀ ਡਿਊਟੀ ਕਰਦਾ ਸੀ



ਅਤੇ ਲਗਭੱਗ ਢਾਈ ਤਿੰਨ ਮਹੀਨੇ ਪਹਿਲਾਂ ਇੱਕ ਔਰਤ ਚਾਰ ਬੱਚਿਆਂ ਦੀ ਮਾਂ ਪਿੰਡ ਭੈਲ ਫਤਿਹਆਂਬਾਦ ਦੇ ਨਜ਼ਦੀਕ ਵੱਲੋਂ ਮੇਰੇ ਲੜਕੇ ਨੂੰ ਵਰਗਲਾ ਕਿ ਆਪਣੇ ਪ੍ਰੇਮ ਦੇ ਜਾਲ ਵਿੱਚ ਫਸਾ ਕੇ ਉਸ ਨੂੰ ਲੈ ਕਿ ਫਰਾਰ ਹੋ ਗਈ ਅਤੇ ਇਸੇ ਹਰਕਤ ਤੋਂ ਤੰਗ ਹੋ ਕੇ ਅਸੀਂ ਆਪਣੇ ਲੜਕੇ ਨੂੰ ਬੇਦਖਲ ਕਰ ਦਿੱਤਾ ਪਰ ਕੁਝ ਦਿਨਾਂ ਬਾਅਦ ਅਸੀਂ ਦੋਵਾਂ ਨੂੰ ਕਿਸੇ ਤਰੀਕੇ ਨਾਲ ਫੜ ਲਿਆ ਅਤੇ ਉਸ ਵਕਤ ਉਹ ਔਰਤ ਆਪਣੇ ਘਰ ਚਲੀ ਗਈ ਅਤੇ ਫਿਰ 14 ਮਾਰਚ ਨੂੰ ਮੇਰਾ ਲੜਕਾ ਸਾਨੂੰ ਮੇਲੇ ਜਾਣ ਦੇ ਬਹਾਨੇ ਨਾਲ ਘਰੋਂ ਚਲਾ ਗਿਆ ਅਤੇ ਜਦੋਂ ਅਸੀਂ ਉਸ ਨੂੰ ਫੋਨ ਕਰਨਾ ਚਾਹਿਆ ਤਾਂ ਉਸ ਦਾ ਫੋਨ ਬੰਦ ਆ ਰਿਹਾ ਸੀ ਸਾਨੂੰ ਸ਼ੱਕ ਹੋਇਆ ਕਿ ਕਿਤੇ ਫਿਰ ਉਸ ਔਰਤ ਨਾਲ ਤਾਂ ਨਹੀਂ ਫਰਾਰ ਹੋ ਗਿਆ ਮੈਂ ਤੇ ਮੇਰੇ ਚਾਚੇ ਦਾ ਲੜਕਾ ਕੁਲਦੀਪ ਸਿੰਘ ਉਸ ਔਰਤ ਦੇ ਪਿੰਡ ਭੈਲ ਵਿਖੇ ਉਸ ਔਰਤ ਦੇ ਘਰ ਗਏ ਤਾਂ ਉਹ ਔਰਤ ਵੀ ਘਰੋਂ ਗਾਇਬ ਸੀ ਫਿਰ ਅਸੀਂ ਰਿਸ਼ਤੇਦਾਰਾਂ ਨੂੰ ਵੀ ਫੋਨ ਕਰਕੇ ਪੁੱਛਿਆ ਪਰ ਅੱਜ ਤੱਕ ਉਨ੍ਹਾਂ ਦੋਵਾਂ ਦਾ ਸਾਨੂੰ ਕੋਈ ਪਤਾ ਨਹੀਂ ਚੱਲ ਸਕਿਆ ਫਿਰ ਇੱਕ ਦਿਨ ਉਸ ਔਰਤ ਦੇ ਪਿੰਡ ਤੋਂ ਪੰਚਾਇਤ ਆਈ ਅਤੇ ਉਨ੍ਹਾਂ ਨੂੰ ਵੀ ਅਸੀਂ ਕਿਹਾ ਕਿ ਸਾਨੂੰ ਕੋਈ ਪਤਾ ਨਹੀਂ ਚੱਲਿਆ ਕਿ ਕਿੱਥੇ ਹੈ ਮੇਰਾ ਲੜਕਾ ਮੈਂ ਪ੍ਰਸ਼ਾਸਨ ਨੂੰ ਬੇਨਤੀ ਕਰਦਾ ਹਾਂ ਕਿ ਉਸ ਔਰਤ ਦੇ ਰਿਸ਼ਤੇਦਾਰ ਮੈਨੂੰ ਫੋਨ ਕਰਕੇ ਪ੍ਰੇਸ਼ਾਨ ਕਰ ਰਹੇ ਹਨ ਕ੍ਰਿਪਾ ਕਰਕੇ ਮੇਰੇ ਲੜਕੇ ਨੂੰ ਅਤੇ ਉਸ ਔਰਤ ਨੂੰ ਕਾਬੂ ਕਰਕੇ ਉਨ੍ਹਾਂ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਅੱਗੇ ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਬੇਨਤੀ ਕਰਦਿਆਂ ਹੋਇਆਂ ਕਿਹਾ ਕਿ ਇਨ੍ਹਾਂ ਬਾਰੇ ਜੇਕਰ ਕਿਸੇ ਨੂੰ ਵੀ ਪਤਾ ਚਲਦਾ ਹੈ ਤਾਂ ਫੜ ਕੇ ਪੁਲਿਸ ਹਵਾਲੇ ਕੀਤਾ ਜਾਵੇ।




**7 ਅਪ੍ਰੈਲ ਨੂੰ ਦੇਸ਼ ਭਰ ਵਿਚ ਜ਼ਿਲ੍ਹਾ ਪੱਧਰ 'ਤੇ ਵਿਸ਼ਾਲ ਜਲੂਸ ਕੱਢੇ ਜਾਣਗੇ ਅਤੇ ਭਾਜਪਾ ਦੇ ਪੁਤਲੇ ਫੂਕੇ ਜਾਣਗੇ**

# 9 ਅਪ੍ਰੈਲ ਨੂੰ ਸ਼ੰਭੂ ਬਾਰਡਰ 'ਤੇ ਰੇਲਵੇ ਟਰੈਕ ਜਾਮ ਕੀਤੇ ਜਾਣਗੇ



**ਚੰਡੀਗੜ੍ਹ, 2 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅੱਜ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਕਿਸਾਨ ਭਵਨ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਵਿੱਚ ਮੁੱਖ ਤੌਰ 'ਤੇ ਜਗਜੀਤ ਸਿੰਘ ਡੱਲੇਵਾਲ, ਸਰਵਣ ਸਿੰਘ ਪੰਧੇਰ, ਲਖਵਿੰਦਰ ਸਿੰਘ ਔਲਖ, ਅਮਰਜੀਤ ਸਿੰਘ ਮੋਹਾੜੀ, ਸੁਖਜਿੰਦਰ ਸਿੰਘ ਖੋਸਾ, ਬਲਦੇਵ ਸਿੰਘ ਜ਼ੀਰਾ, ਅਭਿਮਨਿਊ ਕੋਹਾੜ, ਜਸਵਿੰਦਰ ਲੌਂਗੋਵਾਲ, ਸੁਖਦੇਵ ਸਿੰਘ ਭੋਜਰਾਜ, ਮਨਜੀਤ ਸਿੰਘ ਰਾਏ ਆਦਿ ਹਾਜ਼ਰ ਸਨ। 13 ਫਰਵਰੀ ਤੋਂ ਸ਼ੰਭੂ, ਖਨੌਰੀ, ਡੱਬਵਾਲੀ ਅਤੇ ਰਤਨਪੁਰਾ ਦੀਆਂ ਹੱਦਾਂ 'ਤੇ ਕਿਸਾਨਾਂ ਵੱਲੋਂ ਮੋਰਚੇ ਲਗਾਏ ਗਏ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਹਾਲ ਹੀ 'ਚ ਸਰਕਾਰ ਨੇ ਕਈ ਮੰਡੀਆਂ ਨੂੰ ਖਤਮ ਕਰਕੇ ਕਣਕ ਦੀ ਫਸਲ ਨੂੰ ਸਿੱਧੇ ਸਿੱਲੋਸ 'ਤੇ ਲਿਜਾਣ ਦੇ ਹੁਕਮ ਜਾਰੀ ਕੀਤੇ ਹਨ, ਜੋ ਕਿ 3 ਖੇਤੀਬਾੜੀ ਕਾਨੂੰਨਾਂ ਨੂੰ ਪਿੱਛਲੇ ਦਰਵਾਜ਼ੇ ਤੋਂ ਦੁਬਾਰਾ ਲਾਗੂ ਕਰਨ ਵਾਂਗ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਹਰਿਆਣਾ ਵਿੱਚ 10 ਫਰਵਰੀ ਤੋਂ ਲੈ ਕੇ ਹੁਣ ਤੱਕ ਸੈਂਕੜੇ ਕਿਸਾਨ ਗ੍ਰਿਫ਼ਤਾਰ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 5 ਕਿਸਾਨ ਆਗੂ ਹਾਲੇ ਵੀ ਜੇਲ੍ਹ ਵਿੱਚ ਹਨ, ਜਿਨ੍ਹਾਂ ਵਿੱਚ ਰਵਿੰਦਰ ਸਿੰਘ (13 ਫਰਵਰੀ ਤੋਂ ਜੀਂਦ ਜੇਲ੍ਹ), ਅਮਰਜੀਤ ਸਿੰਘ (13 ਫਰਵਰੀ ਤੋਂ ਜੀਂਦ ਜੇਲ੍ਹ), ਅਨੀਸ਼ ਖਟਕੜ ਹਨ। (19 ਮਾਰਚ ਤੋਂ ਜੀਂਦ ਜੇਲ੍ਹ), ਨਵਦੀਪ ਸਿੰਘ ਅਤੇ ਗੁਰਕੀਰਤ ਸਿੰਘ (28 ਮਾਰਚ ਤੋਂ ਅੰਬਾਲਾ ਪੁਲਿਸ ਹਿਰਾਸਤ ਵਿੱਚ)। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਲਈ ਸਾਰੇ ਬਾਰਡਰਾਂ 'ਤੇ ਜਾਣਬੁੱਝ ਕੇ ਬਿਜਲੀ ਸਿਸਟਮ ਵਿਗਾੜਿਆ ਜਾ ਰਿਹਾ ਹੈ, ਜਿਸ ਕਾਰਨ ਕਿਸਾਨਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੋਵਾਂ ਮੋਰਚਿਆਂ ਨੇ ਫੈਸਲਾ ਕੀਤਾ ਕਿ ਮੰਡੀਆਂ ਨੂੰ ਬਚਾਉਣ, ਜੇਲ੍ਹਾਂ ਵਿੱਚ ਬੰਦ ਕਿਸਾਨਾਂ ਦੀ ਰਿਹਾਈ ਲਈ ਅਤੇ ਕਿਸਾਨ ਮੋਰਚਿਆਂ 'ਤੇ ਬਿਜਲੀ ਦੇ ਯੋਗ ਪ੍ਰਬੰਧਾਂ ਲਈ 7 ਅਪ੍ਰੈਲ ਨੂੰ ਦੇਸ਼ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਵਿਸ਼ਾਲ ਜਲੂਸ ਕੱਢੇ ਜਾਣਗੇ ਅਤੇ ਭਾਜਪਾ ਦੇ ਪੁਤਲੇ ਫੂਕੇ ਜਾਣਗੇ। ਜੇਕਰ ਇਸ ਤੋਂ ਬਾਅਦ ਵੀ ਸਰਕਾਰ ਨੇ ਕਿਸਾਨਾਂ ਦੀਆਂ ਇਹ ਮੰਗਾਂ ਨਾ ਮੰਨੀਆਂ ਤਾਂ 9 ਅਪ੍ਰੈਲ ਨੂੰ ਸ਼ੰਭੂ ਬਾਰਡਰ 'ਤੇ ਰੇਲਵੇ ਟ੍ਰੈਕ ਜਾਮ ਕੀਤਾ ਜਾਵੇਗਾ ਅਤੇ ਉਸ ਤੋਂ ਬਾਅਦ ਆਉਣ ਵਾਲੇ ਦਿਨਾਂ 'ਚ ਰੇਲ ਗੱਡੀਆਂ ਦੇ ਰੁਕਣ ਦਾ ਸਿਲਸਿਲਾ ਵਧ ਸਕਦਾ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ 22 ਮਾਰਚ ਨੂੰ ਹਰਿਆਣਾ ਦੇ ਹਿਸਾਰ ਵਿੱਚ ਸ਼ੁਭਕਰਨ ਸਿੰਘ, 27 ਮਾਰਚ ਨੂੰ ਰਾਜਸਥਾਨ ਦੇ ਹਨੂੰਮਾਨਗੜ੍ਹ ਵਿੱਚ, 31 ਮਾਰਚ ਨੂੰ ਹਰਿਆਣਾ ਦੇ ਅੰਬਾਲਾ ਵਿੱਚ, 3 ਅਪਰੈਲ ਨੂੰ ਕਰਨਾਟਕ ਦੇ ਮੈਸੂਰ ਵਿੱਚ, 11 ਅਪਰੈਲ ਨੂੰ ਉੜੀਸਾ ਵਿੱਚ ਸ਼ੁਭਕਰਨ ਸਿੰਘ ਦੀ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ ਹੈ। ਅਤੇ ਉਸ ਤੋਂ ਬਾਅਦ ਉੱਤਰ ਪ੍ਰਦੇਸ਼ ਵਿੱਚ ਵੀ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਜਾਵੇਗਾ। ਅੱਜ ਸ਼ੰਭੂ ਬਾਰਡਰ ਤੋਂ ਇੱਕ ਵਫ਼ਦ ਸ਼ਹੀਦ ਸ਼ੁਭਕਰਨ ਸਿੰਘ ਦੀਆਂ ਅਸਥੀਆਂ ਲੈ ਕੇ ਦਿੱਲੀ ਦੇ ਰਸਤੇ ਚੇਨਈ ਲਈ ਰਵਾਨਾ ਹੋਇਆ। ਉਥੋਂ ਇਹ ਯਾਤਰਾ ਦੱਖਣੀ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਤਾਮਿਲਨਾਡੂ, ਕੇਰਲਾ ਅਤੇ ਪਾਂਡੀਚੇਰੀ ਵਿੱਚ ਕੱਢੀ ਜਾਵੇਗੀ।



ਆਵਾਜ਼ਿ ਕੌਮ AWAZE QAUM International Newspaper & WEB TV




# ਸ੍ਰੀ ਖੁਰਾਲਗੜ੍ਹ ਸਾਹਿਬ ਮੱਥਾ ਟੇਕ ਕੇ ਪਰਤ ਰਹੇ ਸ਼ਰਧਾਲੂਆਂ ਦੀ ਗੱਡੀ 150 ਫੁੱਟ ਡੂੰਘੀ ਖੱਡ 'ਚ ਡਿੱਗੀ



**ਚੰਡੀਗੜ੍ਹ, 2 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਬੀਤ ਇਲਾਕੇ ਦੇ ਇਤਿਹਾਸਿਕ ਧਾਰਮਿਕ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਪਰਤ ਰਹੀ ਸ਼ਰਧਾਲੂਆਂ ਨਾਲ ਭਰੀ ਇਕ ਪਿਕਅਪ ਗੱਡੀ ਬੇਕਾਬੂ ਹੋ ਕੇ 150 ਫੁੱਟ ਡੂੰਘੀ ਖੱਡ ਵਿਚ ਡਿੱਗ ਗਈ। ਖੁਸ਼ਕਿਸਮਤੀ ਨਾਲ ਸਾਰੇਸ਼ਰਧਾਲੂਆਂ ਦਾ ਬਚਾਅ ਹੋ ਗਿਆ। ਸਿਰਫ ਅੱਧਾ ਦਰਜਨ ਸ਼ਰਧਾਲੂਆਂ ਨੂੰ ਸੱਟਾਂ ਲੱਗੀਆਂ ਹਨ ਜਦਕਿ ਸਾਰੇ ਖਤਰੇ ਤੋਂ ਬਾਹਰ ਹਨ। ਜਾਣਕਾਰੀ ਮੁਤਾਬਕ ਥਾਣਾ ਮੇਹਟੀਆਣਾ (ਹੁਸ਼ਿਆਰਪੁਰ) ਦੇ ਪਿੰਡ ਹੁੱਕੜਾਂ ਦੀ ਸੰਗਤ ਮਹਿੰਦਰਾ ਪਿੱਕਅਪ ਨੰਬਰ ਪੀ ਬੀ 07 ਡਬਲਯੂ/0437 ਵਿਚ ਸਵਾਰ ਹੋ ਕੇ ਸ੍ਰੀ ਖੁਰਾਲਗੜ੍ਹ ਸਾਹਿਬ ਮੱਥਾ ਟੇਕ ਕੇ ਪਰਤ ਰਹੀ ਸੀ। ਗੱਡੀ ਵਿਚ ਬੱਚਿਆਂ ਔਰਤਾਂ ਸਣੇ 23 ਲੋਕ ਸਵਾਰ ਸਨ। ਗੱਡੀ ਨੂੰ ਹਰਬੰਸ ਲਾਲ ਡਰਾਈਵਰ ਚਲਾ ਰਿਹਾ ਸੀ। ਇਸ ਦੌਰਾਨ ਜਦੋਂ ਗੱਡੀ ਖੁਰਾਲਗੜ੍ਹ ਤੋਂ ਚਲ ਕੇ ਗੜ੍ਹੀ ਮਾਨਸੋਵਾਲ ਵਾਲੀ ਤਿੱਖੀ ਚੜ੍ਹਾਈ ਚੜ ਰਹੀ ਸੀ ਤਾਂ ਗੱਡੀ ਅਚਾਨਕ ਪਿਛਾਂਹ ਵਲ ਨੂੰ ਤੁਰ ਪਈ ਅਤੇ ਬੇਕਾਬੂ ਹੋ ਕੇ ਨਾਲ ਲੱਗਦੀ ਕਰੀਬ 150 ਫੁੱਟ ਡੂੰਘੀ ਖੱਡ ਵਿਚ ਡਿੱਗ ਪਈ। ਇਸ ਦੌਰਾਨ ਬਚਾਅ ਰਿਹਾ ਕਿ ਗੱਡੀ ਪਲਟੀ ਨਹੀਂ ਸਗੋਂ ਸਿੱਧੀ ਥੱਲੇ ਚਲੀ ਗਈ। ਇਸ ਹਾਦਸੇ ਵਿਚ ਕਰੀਬ ਅੱਧਾ ਦਰਜਨ ਸ਼ਰਧਾਲੂਆਂ ਨੂੰ ਸੱਟਾਂ ਲੱਗੀਆਂ ਜਿਨਾਂ ਨੂੰ ਪ੍ਰਾਈਵੇਟ ਹਸਪਤਾਲ ਵਿਚ ਮੁੱਢਲੀ ਡਾਕਟਰੀ ਸਹਾਇਤਾ ਤੋਂ ਬਾਅਦ ਹੁਸ਼ਿਆਰਪੁਰ ਰੈਫਰ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਸ ਥਾਂ 'ਤੇ ਮਾਰਚ ਮਹੀਨੇ ਵਿਚ ਦੂਸਰੀ ਦੁਰਘਟਨਾ ਹੋਈ ਹੈ। ਬੀਤੀ ਤਿੰਨ ਮਾਰਚ ਨੂੰ ਵੀ ਇਸੇ ਥਾਂ 'ਤੇ ਬਸ ਪਲਟੀ ਸੀ ਅਤੇ 15 ਸ਼ਰਧਾਲੂ ਜ਼ਖਮੀ ਹੋਏ ਸਨ। ਇਸ ਜਗ੍ਹਾ ਵਾਰ-ਵਾਰ ਗੱਡੀਆ ਪਲਟਣ ਨਾਲ ਕਈ ਸ਼ਰਧਾਲੂਆਂ ਦੀਆਂ ਮੌਤਾ ਵੀ ਹੋ ਚੁੱਕੀਆਂ ਹਨ ਅਤੇ ਹਰ 10-15 ਦਿਨ ਵਿਚ ਇਸ ਜਗ੍ਹਾ 'ਤੇ ਕੋਈ ਨਾ ਕੋਈ ਹਾਦਸਾ ਹੁੰਦਾ ਰਹਿੰਦਾ ਹੈ। ਲੋਕਾਂ ਵੱਲੋਂ ਵਾਰ ਵਾਰ ਪ੍ਰਸ਼ਾਸਨ 'ਤੇ ਵਿਭਾਗ ਨੂੰ ਮੰਗ ਕੀਤੀ ਪਰ ਪੁਲਸ 'ਤੇ ਸਿਵਲ ਪ੍ਰਸ਼ਾਸਨ ਦੇ ਕੰਨਾਂ 'ਤੇ ਜੂੰ ਤਕ ਨਹੀ ਸਰਕੀ ਅਜ ਫਿਰ ਹਾਦਸਾ ਹੋ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV